**ਕੋਵਿਡ-19 ਨਾਲ ਭਰਤੀ ਪ੍ਰੀ-ਆਈ ਸੀ ਯੂ (Pre-Icu) ਮਰੀਜ਼ਾਂ ਵਿਚ ਵਿਚ ਬਹੁ- ਵਿਕਲਪਕ ਚਿਕਿਤਸਕ ਅਧਿਐਨ-ਵੱਖਰੇ ਮਕਸਦ ਲਈ ਅਨੁਕੂਲਿਤ ਦਵਾਈਆਂ**

**ਟੈਕਟਿਕ-ਆਰ (TACTIC-R)**

# ਪ੍ਰਤੀਭਾਗੀ ਜਾਣਕਾਰੀ ਸ਼ੀਟ ਅਤੇ ਸੂਚਿਤ ਸਹਿਮਤੀ ਫਾਰਮ

ਤੁਹਾਨੂੰ ਇਕ ਖੋਜ ਟਰਾਇਲ ਦੇ ਵਿਚ ਭਾਗ ਲੈਣ ਲਈ ਸੱਦਾ ਦਿੱਤਾ ਜਾ ਰਿਹਾ ਹੈ। ਇਹ ਨਿਰਣਾ ਕਰਨ ਤੋਂ ਪਹਿਲਾਂ ਕਿ ਭਾਗ ਲੈਣਾ ਹੈ, ਤੁਹਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਹ ਖੋਜ ਕਿਉਂ ਕੀਤੀ ਜਾ ਰਹੀ ਹੈ ਅਤੇ ਇਸ ਵਿਚ ਕੀ ਸ਼ਾਮਲ ਹੈ। ਜਾਣਕਾਰੀ ਨੂੰ ਧਿਆਨ ਨਾਲ ਪੜ੍ਹਨ ਲਈ ਕਿਰਪਾ ਕਰਕੇ ਸਮਾਂ ਦਿਓ ਅਤੇ ਜੇ ਤੁਸੀਂ ਚਾਹੁੰਦੇ ਹੋ ਤਾਂ ਦੂਜਿਆਂ ਨਾਲ ਗੱਲ ਕਰੋ। ਜੇ ਕੋਈ ਚੀਜ਼ ਸਪੱਸ਼ਟ ਨਹੀਂ ਹੈ ਜਾਂ ਜੇ ਤੁਸੀਂ ਹੋਰ ਜਾਣਕਾਰੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਪੁੱਛੋ। ਇਹ ਨਿਰਣਾ ਕਰਨ ਲਈ ਕਿ ਤੁਸੀਂ ਭਾਗ ਲੈਣ ਦੀ ਇੱਛਾ ਰੱਖਦੇ ਹੋ ਜਾਂ ਨਹੀਂ, ਕਿਰਪਾ ਕਰਕੇ ਨਿਰਣਾ ਕਰਨ ਵਿਚ ਸਮਾਂ ਲਗਾਓ।

**ਸੈਕਸ਼ਨ 1** ਤੁਹਾਨੂੰ ਇਸ ਟਰਾਇਲ ਦਾ ਮਕਸਦ ਅਤੇ ਜੇ ਤੁਸੀਂ ਭਾਗ ਲੈਂਦੇ ਹੋ ਤਾਂ ਕੀ ਹੋਏਗਾ, ਦੇ ਬਾਰੇ ਦੱਸਦਾ ਹੈ।

**ਸੈਕਸ਼ਨ 2** ਤੁਹਾਨੂੰ ਟਰਾਇਲ ਦੇ ਸੰਚਾਲਨ ਬਾਰੇ ਜ਼ਿਆਦਾ ਵਿਸਤ੍ਰਿਤ ਜਾਣਕਾਰੀ ਦਿੰਦਾ ਹੈ।

## ਸੈਕਸ਼ਨ 1: ਟਰਾਇਲ ਦਾ ਮਕਸਦ ਅਤੇ ਕੀ ਵਾਪਰੇਗਾ

### 1. ਇਸ ਅਧਿਐਨ ਦਾ ਮਕਸਦ ਕੀ ਹੈ?

ਵਿਸ਼ਵ ਸਿਹਤ ਸੰਗਠਨ (ਡਬਲਿਯੂ ਐਚ ਓ) (World Health Organisation, WHO) ਦੁਆਰਾ 11 ਮਾਰਚ 2020 ਨੂੰ ਕੋਵਿਡ-19 ਨੂੰ ਇਕ ਮਹਾਂਮਾਰੀ ਘੋਸ਼ਿਤ ਕੀਤਾ ਗਿਆ ਸੀ। ਇਹ ਬਿਮਾਰੀ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ SARS-CoV2 ਵੱਜੋਂ ਜਾਣੇ ਜਾਂਦੇ ਨਵੇਂ ਕਰੋਨਾਵਾਇਰਸ ਦੇ ਕਾਰਨ ਹੁੰਦੀ ਹੈ।

ਵਿਸ਼ਾਣੂ ਵਾਲੇ ਕੁਝ ਲੋਕਾਂ ਨੂੰ ਹਲਕੇ ਜਿਹੇ ਲੱਛਣ ਹੋਣਗੇ। ਵੈਸੇ ਕੁਝ ਲੋਕਾਂ, ਉਦਾਹਰਣ ਦੇ ਤੌਰ 'ਤੇ ਵੱਡੀ ਉਮਰ ਦੇ ਬਾਲਗਾਂ ਅਤੇ ਉਹ ਜਿਨ੍ਹਾਂ ਨੂੰ ਦਿਲ ਦੀ ਬਿਮਾਰੀ ਅਤੇ ਮਧੂਮੇਹ ਸਮੇਤ ਹੋਰ ਕੋਈ ਛੁਪੀਆਂ ਹੋਈਆਂ ਸਿਹਤ ਸਮੱਸਿਆਵਾਂ ਹਨ, ਉਹ ਜ਼ਿਆਦਾ ਗੰਭੀਰ ਲੱਛਣ ਵਿਕਸਤ ਕਰ ਸਕਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਹਸਪਤਾਲ ਵਿਚ ਭਰਤੀ ਕਰਨ ਦੀ, ਸਾਹ ਲੈਣ ਵਿਚ ਵਧਾਈ ਗਈ ਸਹਾਇਤਾ ਕਰਨ ਦੀ ਲੋੜ ਪੈ ਸਕਦੀ ਹੈ (ਜਿਵੇਂ ਇਕ ਇੰਟੈਂਸਿਵ ਕੇਅਰ ਯੂਨਿਟ ਵਿਚ ਵੈਂਟੀਲੇਟਰ ਦੀ ਵਰਤੋਂ) ਜਾਂ ਇੱਥੋਂ ਤੱਕ ਕਿ ਮੌਤ ਵੀ ਹੋ ਸਕਦੀ ਹੈ। ਮੌਜੂਦਾ ਸਮੇਂ ਵਿਸ਼ਾਣੂ ਦੇ ਵਿਰੁੱਧ ਕੋਈ ਵੈਕਸੀਨ ਨਹੀਂ ਹੈ ਜਾਂ ਇਸਦੇ ਟਾਕਰੇ ਵਿਚ ਮਦਦ ਲਈ ਸਿੱਧ ਕੀਤੇ ਗਏ ਇਲਾਜ ਨਹੀਂ ਹਨ।

ਵਿਸ਼ਾਣੂ ਦੇ ਵਧੇ ਹੋਏ ਲੱਛਣਾਂ ਨੂੰ ਸਰੀਰ ਦੀ ਰੱਖਿਆ ਪ੍ਰਣਾਲੀ ਦੀ ਵਧੀ ਹੋਈ ਪ੍ਰਤੀਕ੍ਰਿਆ ਸਮਝਿਆ ਜਾਂਦਾ ਹੈ, ਜਿਸਦੇ ਕਾਰਨ ਸਰੀਰ ਦੇ ਅੰਗਾਂ ਦਾ ਨੁਕਸਾਨ ਹੋ ਜਾਂਦਾ ਹੈ। ਗੰਭੀਰ ਲੱਛਣਾਂ ਨੂੰ ਘਟਾਉਣ ਅਤੇ ਇਸ ਤਰ੍ਹਾਂ ਹਸਪਤਾਲ ਵਿਚ ਇੰਟੈਂਸਿਵ ਕੇਅਰ ਯੂਨਿਟਾਂ (ਆਈ ਸੀ ਯੂ) (Intensive Care Unit, ICU) ਵਿਚ ਦਾਖਲੇ ਨੂੰ ਘਟਾਉਣ ਉਦੇਸ਼ ਨਾਲ ਇਸ ਅਧਿਐਨ ਦਾ ਮਕਸਦ ਸਰੀਰ ਦੀ ਰੱਖਿਆ ਪ੍ਰਣਾਲੀ ਉੱਪਰ ਕੰਮ ਕਰਨ ਵਾਲੇ ਵੱਖ-ਵੱਖ ਇਲਾਜਾਂ ਦੀ ਤੁਲਨਾ ਕਰਕੇ ਕੋਵਿਡ-19 ਦੇ ਮਰੀਜ਼ਾਂ ਦਾ ਇਲਾਜ ਕਰਨ ਦੇ ਸਭ ਤੋਂ ਵਧੀਆ ਤਰੀਕੇ ਦਾ ਨਿਰਧਾਰਣ ਕਰਨਾ ਹੈ।

### 2 ਕਿਹੜੀ ਦਵਾਈ ਨੂੰ ਟੈਸਟ ਕੀਤਾ ਜਾ ਰਿਹਾ ਹੈ?

ਇਸ ਟਰਾਇਲ ਨੂੰ ਇਕ ਪਲੈਟਫਾਰਮ ਅਧਿਐਨ ਵੱਜੋਂ ਜਾਣਿਆ ਜਾਂਦਾ ਹੈ। ਇਸ ਤਰ੍ਹਾਂ ਦਾ ਅਧਿਐਨ ਇਕ ਸਮਾਨ ਹਾਲਤ ਦੇ ਲਈ ਵੱਖ-ਵੱਖ ਇਲਾਜਾਂ ਨੂੰ ਵਿਚਾਰਦਾ ਹੈ। ਜਿਵੇਂ-ਜਿਵੇਂ ਅਧਿਐਨ ਅੱਗੇ ਵੱਧਦਾ ਹੈ, ਇਲਾਜ ਦੇ ਅਤਿਰਿਕਤ ਵਿਕਲਪਾਂ ਨੂੰ ਅਧਿਐਨ ਵਿਚ ਜੋੜਿਆ ਜਾ ਸਕਦਾ ਹੈ ਜਾਂ ਹਟਾਇਆ ਜਾ ਸਕਦਾ ਹੈ ਜਾਂ ਡੋਜ਼ ਬਦਲ ਸਕਦੀ ਹੈ।

ਜੇ ਤੁਹਾਨੂੰ ਦਿੱਤਾ ਗਿਆ ਇਲਾਜ ਵਾਲਾ ਵਿਕਲਪ ਬੰਦ ਹੋ ਗਿਆ ਹੈ, ਤਾਂ ਤੁਸੀਂ ਇਲਾਜ ਨੂੰ ਤੁਰੰਤ ਬੰਦ ਕਰ ਦਿਓਗੇ। ਇਕ ਵਾਰ ਜਦੋਂ ਤੁਸੀਂ

ਸਹਿਮਤੀ ਦੇ ਦਿੰਦੇ ਹੋ, ਹੇਠ ਲਿਖੇ ਵਿਕਲਪਾਂ ਵਿਚੋਂ ਇਕ ਦੇ ਨਾਲ ਤੁਹਾਡਾ ਇਲਾਜ ਕੀਤਾ ਜਾਵੇਗਾ:

1) ਬੇਰਸੀਟਿਨਿਬ (Baricitinib) (ਇਸਨੂੰ ਆਮ ਤੌਰ 'ਤੇ ਗਠੀਏ ਵਾਲੀਆਂ ਹਾਲਤਾਂ ਨੂੰ ਠੀਕ ਕਰਨ ਲਈ ਵਰਤਿਆ ਜਾਂਦਾ ਹੈ),
2) ਰਵਯੂਲਾਈਜ਼ੁਮਬ (Ravulizumab) (ਪੈਰੋਕਸੀਮਲ ਨੋਕਟਰਨਲ ਹੈਮੋਗਲੋਬੀਨੂਰੀਆ ਵੱਜੋਂ ਜਾਂਣੀ ਜਾਂਦੀ ਇਕ ਹਾਲਤ ਦਾ ਇਲਾਜ ਕਰਨ ਲਈ ਆਮ ਤੌਰ 'ਤੇ ਵਰਤਿਆ ਜਾਂਦਾ ਹੈ)
3) ਦੇਖਭਾਲ ਦਾ ਮਾਨਕ - ਇਹ ਉਹ ਕੋਈ ਵੀ ਇਲਾਜ ਹੈ ਜੋ ਤੁਸੀਂ ਤਾਂ ਪ੍ਰਾਪਤ ਕਰਨੀ ਸੀ ਜੇ ਤੁਸੀਂ ਟਰਾਇਲ ਵਿਚ ਭਾਗ ਨਾ ਲੈਂਦੇ

## 3 ਮੈਨੂੰ ਸੱਦਾ ਕਿਉਂ ਦਿੱਤਾ ਗਿਆ ਹੈ?

ਤੁਹਾਨੂੰ ਇਸ ਟਰਾਇਲ ਵਿਚ ਭਾਗ ਲੈਣ ਲਈ ਸੱਦਾ ਦਿੱਤਾ ਗਿਆ ਹੈ ਕਿਉਂਕਿ ਤੁਸੀਂ ਕੋਵਿਡ-19 ਪਾਜ਼ੀਟਿਵ ਹੋ ਜਾਂ ਤੁਹਾਨੂੰ ਇਸਦੇ ਹੋਣ ਦਾ ਸ਼ੱਕ ਹੈ, ਤੁਹਾਨੂੰ ਗੰਭੀਰ ਲੱਛਣਾਂ ਨੂੰ ਵਿਕਸਤ ਕਰਨ ਦੇ ਦਰਮਿਆਨੇ ਜ਼ੋਖਮ 'ਤੇ ਹੋਣ ਬਾਰੇ ਵਿਚਾਰਿਆ ਜਾਂਦਾ ਹੈ, ਅਤੇ ਜਿਨ੍ਹਾਂ ਲਈ ਅਸੀਂ ਸੋਚਦੇ ਹਾਂ ਕਿ ਬੇਰਸੀਟਿਨਿਬ (Baricitinib) ਜਾਂ ਰਵਯੂਲਾਈਜ਼ੂਮਬ (Ravulizumab) ਢੁੱਕਵੇਂ ਇਲਾਜ ਹੋ ਸਕਦੇ ਹਨ। ਅਸੀਂ ਪੂਰੇ ਯੂ ਕੇ ਯੂ ਕੇ (UK) ਦੇ ਲਗਭਗ 15 ਹਸਪਤਾਲਾਂ ਵਿਚ ਕੋਵਿਡ-19 ਬਿਮਾਰੀ ਨਾਲ 1167 ਪ੍ਰਤੀਭਾਗੀਆਂ ਨੂੰ ਸ਼ਾਮਲ ਕਰਨ ਦੀ ਯੋਜਨਾ ਰੱਖਦੇ ਹਾਂ।

## 4 ਕੀ ਮੇਰਾ ਭਾਗ ਲੈਣਾ ਜ਼ਰੂਰੀ ਹੈ?

ਨਹੀਂ, ਇਸ ਟਰਾਇਲ ਵਿਚ ਭਾਗ ਲੈਣਾ ਪੂਰੀ ਤਰ੍ਹਾਂ ਇੱਛੁਕ ਹੈ। ਜੇ ਤੁਸੀਂ ਭਾਗ ਲੈਣਾ ਦਾ ਨਿਰਣਾ ਕਰਦੇ ਹੋ ਤੁਹਾਨੂੰ ਇਕ ਸੂਚਿਤ ਸਹਿਮਤੀ ਫਾਰਮ ਉੱਪਰ ਦਸਤਖਤ ਕਰਨ ਲਈ ਕਿਹਾ ਜਾਵੇਗਾ, ਵੈਸੇ ਤੁਸੀਂ ਅਜੇ ਵੀ ਆਪਣਾ ਮਨ ਬਦਲਣ ਲਈ ਆਜ਼ਾਦ ਹੋ ਅਤੇ ਕੋਈ ਕਾਰਨ ਦੱਸੇ ਬਿਨਾਂ ਕਿਸੇ ਵੀ ਸਮੇਂ ਟਰਾਇਲ ਨੂੰ ਛੱਡ ਸਕਦੇ ਹੋ। ਜੇ ਤੁਸੀਂ ਟਰਾਇਲ ਵਿਚ ਭਾਗ ਨਾ ਲੈਣਾ ਚੁਣਦੇ ਹੋ, ਤੁਹਾਡਾ ਭਵਿੱਖ ਦਾ ਚਿਕਿਤਸਕ ਇਲਾਜ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਹੋਏਗਾ।

## 5. ਜੇ ਮੈਂ ਭਾਗ ਲੈਂਦਾ/ਦੀ ਹਾਂ ਤਾਂ ਮੈਨੂੰ ਕੀ ਹੋਏਗਾ?

ਹੇਠਾਂ ਦਿੱਤਾ ਫਲੋਅਚਾਰਟ ਟਰਾਇਲ ਦਾ ਸਾਰ ਦੱਸਦਾ ਹੈ:

**ਸਹਿਮਤੀ ਅਤੇ ਸਕ੍ਰੀਨਿੰਗ (ਦਿਨ -2 ਤੋਂ ਦਿਨ -1 ਤੱਕ)**
ਸਹਿਮਤੀ, ਪਾਤਰਤਾ ਦੀ ਜਾਂਚ: ਉਮਰ 18 ਜਾਂ ਵੱਧ; ਕੋਵਿਡ-19 ਹੋਣ ਦਾ ਸ਼ੱਕ ਜਾਂ ਪੁਸ਼ਟੀ, ਗੰਭੀਰ ਉਲਝਣਾਂ ਨੂੰ ਵਿਕਸਤ ਕਰਨ ਦਾ ਦਰਮਿਆਨਾ ਜ਼ੋਖਮ। ਚਿਕਿਤਸਕ ਪਿਛੋਕੜ, ਖ਼ੂਨ ਦੇ ਕਲੀਨਿਕਲ ਟੈਸਟ (ਜਾਂ ਮੌਜੂਦਾ ਟੈਸਟ ਨਤੀਜਿਆਂ ਦੀ ਸਮੀਖਿਆ)

**ਬੇਸਲਾਇਨ (ਦਿਨ -2 ਤੋਂ ਦਿਨ -1)**
ਕਲੀਨਿਕਲ ਡਾਟਾ ਇਕੱਤਰੀਕਰਨ, ਖ਼ੂਨ ਦੇ ਨਮੂਨੇ ਦੀ ਖੋਜ, ਬੇਤਰਤੀਬਾ

**ਬੇਰਸੀਟਿਨਿਬ**
(Baricitinib) (ਗੋਲੀਆਂ ਨੂੰ 14 ਦਿਨ ਲਈ ਮੂੰਹ ਰਾਹੀਂ ਲਿਆ ਜਾਂਦਾ ਹੈ – ਅਧਿਐਨ ਟੀਮ ਪ੍ਰਤੀ ਦਿਨ ਲਈਆਂ ਜਾਣ ਵਾਲੀਆਂ ਗੋਲੀਆਂ ਦੀ ਗਿਣਤੀ

**ਰਵਯੂਲਾਈਜ਼ੂਮਬ**
(Ravulizumab) (ਦਿਨ 1 ਨੂੰ ਨਾੜੀ ਦੇ ਰਾਹੀਂ ਦਿੱਤੀ ਜਾਵੇਗੀ)

**ਦੇਖਭਾਲ ਦਾ ਮਾਨਕ**
(ਆਮ ਕਲੀਨਿਕਲ ਇਲਾਜ)

**ਹਸਪਤਾਲ ਦਾ ਫਾਲੋ-ਅੱਪ (14 ਦਿਨਾਂ ਤੱਕ ਜਾਂ ਹਸਪਤਾਲ ਤੋਂ ਛੁੱਟੀ ਮਿਲਣ ਤੱਕ, ਜੋ ਵੀ ਪਹਿਲਾਂ ਹੋਵੇ)**
ਚਿਕਿਤਸਕ ਟਿੱਪਣੀਆਂ ਤੋਂ ਡਾਟਾ ਇਕੱਤਰ ਕਰਨਾ (ਉਦਾ. ਖ਼ੂਨ ਦੀ ਜਾਂਚ ਦੇ ਨਤੀਜੇ, ਜਿਨ੍ਹਾਂ ਵਿਚ ਕੋਵਿਡ-19 ਦੇ ਨਤੀਜੇ, ਰੇਡਿਓਲਜੀ/ਐਕਸ-ਰੇਅ ਦੇ ਨਤੀਜੇ, ਕਲੀਨਿਕਲ ਨਤੀਜੇ ਸ਼ਾਮਲ ਹਨ) ਖੋਜ ਸਬੰਧੀ ਖ਼ੂਨ ਦੇ ਨਮੂਨਿਆਂ ਨੂੰ ਦਿਨ 2, 6 ਅਤੇ 14 ਨੂੰ ਲਿਆ ਜਾ ਸਕਦਾ ਹੈ

**ਦਿਨ 28 ਫਾਲੋ-ਅੱਪ**
ਫ਼ੋਨ ਕਾੱਲ ਜਾਂ ਹਸਪਤਾਲ ਦੀ ਵਿਜ਼ਿਟ
ਡਾਟਾ ਇਕੱਤਰੀਕਰਨ (ਜੇ ਹਸਪਤਾਲ ਦੀ ਵਿਜ਼ਿਟ ਕੀਤੀ ਜਾਂਦੀ ਹੈ ਤਾਂ ਖ਼ੂਨ ਦਾ ਖੋਜ ਸਬੰਧੀ ਨਮੂਨਾ ਲਿਆ ਜਾ ਸਕਦਾ ਹੈ)

**ਦਿਨ 90 ਫਾਲੋ-ਅੱਪ**
ਫ਼ੋਨ ਕਾੱਲ ਜਾਂ ਹਸਪਤਾਲ ਦੀ ਵਿਜ਼ਿਟ ਡਾਟਾ ਇਕੱਤਰੀਕਰਨ (ਜੇ ਹਸਪਤਾਲ ਦੀ ਵਿਜ਼ਿਟ ਕੀਤੀ ਜਾਂਦੀ ਹੈ ਤਾਂ ਖੂਨ ਦਾ ਖੋਜ ਸਬੰਧੀ ਨਮੂਨਾ ਲਿਆ ਜਾ ਸਕਦਾ ਹੈ)

4.-

ਜਿਵੇਂ ਕਿ ਅਸੀਂ ਨਹੀਂ ਜਾਣਦੇ ਹਾਂ ਕਿ ਕੀ ਬੇਰਸੀਟਿਨਿਬ (Baricitinib) ਜਾਂ ਰਵਯੂਲਾਈਜ਼ੂਮਬ (Ravulizumab) ਨੂੰ ਕੋਵਿਡ-19 ਨਾਲ ਸਬੰਧਤ ਬਿਮਾਰੀਆਂ ਦਾ ਇਲਾਜ ਕਰਨ ਲਈ ਵਰਤਿਆ ਜਾ ਸਕਦਾ ਹੈ, ਸਾਨੂੰ ਇਨ੍ਹਾਂ ਇਲਾਜਾਂ ਦੀ ਨਿਯਮਤ ਦੇਖਭਾਲ ਦੇ ਮਾਨਕ ਤੋਂ ਵੱਖਰੇ ਤੌਰ 'ਤੇ ਤੁਲਨਾ ਕਰਨੀ ਪਵੇਗੀ। ਇਸ ਅਧਿਐਨ ਵਿਚ 3 ਸਮੂਹ ਹਨ ਅਤੇ ਹਰੇਕ ਸਮੂਹ ਨੂੰ ਵੱਖਰਾ ਇਲਾਜ ਪ੍ਰਾਪਤ ਹੋਏਗਾ। ਉੱਪਰ ਦੱਸੇ ਗਏ ਵਰਜਿਤ ਵਾਲੇ ਇਲਾਜ ਤੁਹਾਡੀ ਆਮ ਕਲੀਨਿਕਲ ਦੇਖਭਾਲ ਤੋਂ ਅਤਿਰਿਕਤ ਹੋਣਗੇ।
ਕਿਰਪਾ ਕਰਕੇ ਨੋਟ ਕਰੋ ਕਿ ਦਿਨ 14 ਤੱਕ ਕੀਤੇ ਗਏ ਸਾਰੇ ਮੁਲਾਂਕਣ ਜਾਂ ਤਾਂ ਦਿਨ 14 ਤੱਕ ਜਾਂ ਹਸਪਤਾਲ ਵਿਚੋਂ ਛੁੱਟੀ ਮਿਲਣ, ਦੋਵਾਂ ਵਿਚੋਂ ਜੋ ਵੀ ਪਹਿਲਾਂ ਹੋਏ, ਤੱਕ ਹਸਪਤਾਲ ਵਿਚ ਕੀਤੇ ਜਾਂਦੇ ਹਨ।

**ਸਹਿਮਤੀ ਅਤੇ ਸਕ੍ਰੀਨਿੰਗ (ਤਕਰੀਬਨ 45 ਮਿਨਟ):** ਜੇ ਤੁਸੀਂ ਟਰਾਇਲ ਵਿਚ ਭਾਗ ਲੈਣ ਲਈ ਸਹਿਮਤ ਹੁੰਦੇ ਹੋ, ਤਾਂ ਤੁਸੀਂ ਇਸ ਦਸਤਾਵੇਜ਼ ਦੇ ਅਖੀਰ 'ਤੇ ਦਿੱਤੇ ਗਏ ਸੂਚਿਤ ਸਹਿਮਤੀ ਫਾਰਮ ਉੱਪਰ ਦਸਤਖਤ ਕਰੋਗੇ ਅਤੇ ਆਪਣੇ ਨਾਲ ਲਿਜਾਉਣ ਅਤੇ ਬਾਅਦ ਵਿਚ ਹਵਾਲਗੀ ਲੈਣ ਲਈ ਤੁਹਾਨੂੰ ਇਸਦੀ ਇਕ ਕਾਪੀ ਦਿੱਤੀ ਜਾਵੇਗੀ। ਸਕ੍ਰੀਨਿੰਗ ਦੇ ਮੁਲਾਂਕਣਾਂ ਵਿਚ ਤੁਹਾਡਾ ਕਲੀਨਿਕਲ ਅਤੇ ਦਵਾਈਆਂ ਦੇ ਪਿਛੋਕੜ ਦੀ ਜਾਂਚ ਕਰਨਾ, ਇਹ ਜਾਂਚ ਕਰਨਾ ਕਿ ਕੀ ਤੁਸੀਂ ਟਰਾਇਲ ਲਈ ਢੁੱਕਵੇਂ ਹੋ, ਅਤੇ ਤੁਹਾਡੇ ਹਸਪਤਾਲ ਵਿਚ ਦਾਖਲ ਹੋਣ ਤੋਂ ਬਾਅਦ ਤੁਹਾਡੇ ਦੁਆਰਾ ਕਰਵਾਏ ਗਏ ਖੂਨ ਦੇ ਟੈਸਟਾਂ ਦੀ ਸਮੀਖਿਆ ਕਰਨਾ ਸ਼ਾਮਲ ਹੁੰਦਾ ਹੈ। ਉਸ ਹਾਲਤ ਵਿਚ ਜਦੋਂ ਕਿ ਖੂਨ ਦੇ ਟੈਸਟ ਨਹੀਂ ਕੀਤੇ ਗਏ ਹਨ, ਖੂਨ ਦੇ ਨਮੂਨਿਆਂ ਨੂੰ ਲਿਆ ਜਾਵੇਗਾ ਅਤੇ ਜਾਂਚਿਆ ਜਾਵੇਗਾ। ਸਕ੍ਰੀਨਿੰਗ ਦੀ ਪ੍ਰਕ੍ਰਿਆ ਟਰਾਇਲ ਵਾਲੇ ਇਲਾਜ ਦੇ ਸ਼ੁਰੂ ਹੋਣ ਤੋਂ 48 ਘੰਟੇ ਪਹਿਲਾਂ ਤੱਕ ਚੱਲ ਸਕਦੀ ਹੈ। ਕੈਸੇ, ਕਿਉਂਕਿ ਕੋਵਿਡ-19 ਦੇ ਲਈ ਤੁਰੰਤ ਇਲਾਜ ਦੀ ਜ਼ਰੂਰਤ ਹੁੰਦੀ ਹੈ, ਜਿੱਥੇ ਤੁਰੰਤ ਕੀਤੇ ਜਾਣ ਦੀ ਜ਼ਰੂਰਤ ਹੈ, ਸਕ੍ਰੀਨਿੰਗ ਅਤੇ ਬੇਸਲਾਇਨ ਦੀਆਂ ਪ੍ਰਕ੍ਰਿਆਵਾਂ ਉਸੇ ਦਿਨ ਕੀਤੀਆਂ ਜਾ ਸਕਦੀਆਂ ਹਨ। ਜਿਸ ਹਾਲਤ ਵਿਚ ਤੁਸੀਂ ਸਹਿਮਤੀ ਫਾਰਮ ਨੂੰ ਸਮਝਣ ਵਿਚ ਸਮਰੱਥ ਹੁੰਦੇ ਹੋ ਪਰ ਸਰੀਰਕ ਤੌਰ 'ਤੇ ਦਸਤਖਤ ਨਹੀਂ ਕਰ ਸਕਦੇ, ਉਸ ਹਾਲਤ ਵਿਚ ਜਾਂ ਤਾਂ ਪਰਿਵਾਰਕ ਮੈਂਬਰ ਜਾਂ ਇਕ ਆਜ਼ਾਦਾਨਾ ਡਾਕਟਰ, ਇਹ ਪੁਸ਼ਟੀ ਕਰਨ ਲਈ ਕਿ ਜਾਣਕਾਰੀ ਦਾ ਸਟੀਕਤਾ ਨਾਲ ਵਰਣਨ ਕੀਤਾ ਗਿਆ ਸੀ ਅਤੇ ਤੁਹਾਡੇ ਦੁਆਰਾ ਇਸਨੂੰ ਸਪੱਸ਼ਟਤਾ ਨਾਲ ਸਮਝ ਲਿਆ ਗਿਆ ਸੀ, ਇਕ ਗਵਾਹ ਦੇ ਤੌਰ 'ਤੇ ਕੰਮ ਕਰ ਸਕਦਾ ਹੈ ਅਤੇ ਸਹਿਮਤੀ ਫਾਰਮ ਉੱਪਰ ਦਸਤਖਤ ਕਰੇਗਾ।

**ਬੇਸਲਾਇਨ (ਅਵਧੀ, ਤਕਰੀਬਨ 45 ਮਿਨਟ):** ਤੁਹਾਡੇ ਮੈਡੀਕਲ ਨੋਟਸ ਤੋਂ ਹੋਰ ਨਿਯਮਤ ਕਲੀਨਿਕਲ ਜਾਣਕਾਰੀ ਇਕੱਤਰ ਕੀਤੀ ਜਾਵੇਗੀ। ਤੁਹਾਨੂੰ ਖੂਨ ਦਾ ਨਮੂਨਾ ਦੇਣ ਲਈ ਵੀ ਸੱਦਾ ਦਿੱਤਾ ਜਾਵੇਗਾ (ਭਵਿੱਖ ਦੇ ਵਿਸ਼ਲੇਸ਼ਣ ਲਈ ਖੂਨ ਦਾ ਗਰੁੱਪ, ਸੀਰਮ ਅਤੇ ਡੀ ਐਨ ਏ (DNA)/ਅਣੁਵਾਂਸ਼ਿਕ ਨਮੂਨਾ; ਲਿਆ ਜਾਣ ਵਾਲੇ ਖੂਨ ਦੀ ਅਧਿਕਤਮ ਮਾਤਰਾ ਤਕਰੀਬਨ 30ml [2 ਵੱਡੇ ਚਮਚ] ਹੋਏਗੀ)। ਜੇ ਤੁਸੀਂ ਟਰਾਇਲ ਵਿਚ ਭਾਗ ਲੈਣ ਲਈ ਢੁੱਕਵੇਂ ਹੋਏ, ਤਾਂ ਤੁਹਾਨੂੰ ਇਕ ਇਲਾਜ ਸਮੂਹ ਵਿਚ ਬੇਤਰਤੀਬੇ ਢੰਗ ਨਾਲ ਸ਼ਾਮਲ ਕੀਤਾ ਜਾਵੇਗਾ।

**ਬੇਤਰਤੀਬ ਬਣਾਉਣਾ:** ਤੁਹਾਡੀ ਪਛਾਣ ਕਰਦੇ ਸੰਖੇਪ ਵੇਰਵੇ ਅਤੇ ਤੁਹਾਡੀ ਸਿਹਤ ਬਾਰੇ ਕੁਝ ਪ੍ਰਸ਼ਨਾਂ ਦੇ ਦਿੱਤੇ ਉੱਤਰ ਅਤੇ ਚਿਕਿਤਸਕ ਤਕਲੀਫ਼ਾਂ ਨੂੰ ਇਕ ਕੰਪਿਊਟਰ ਵਿਚ ਦਾਖਲ ਕੀਤਾ ਜਾਵੇਗਾ। ਇਸ ਦੇ ਬਾਅਦ ਕੰਪਿਊਟਰ ਇਲਾਜ 1:1:1 ਦੀਆਂ ਸੰਭਾਵਨਾਵਾਂ ਦੇ ਨਾਲ ਸੰਭਾਵੀ ਵਿਕਲਪਾਂ ਵਿਚੋਂ ਇਕ ਨੂੰ ਲੈਣ ਲਈ ਤੁਹਾਨੂੰ ਬੇਤਰਤੀਬ (ਜਿਵੇਂ ਗੀਟੀ ਸੁੱਟੀ ਜਾਂਦੀ ਹੈ) ਤਰੀਕੇ ਨਾਲ ਨਿਰਧਾਰਤ ਕਰੇਗਾ। ਇਸਦਾ ਮਤਲਬ ਹੈ ਤੁਹਾਨੂੰ ਵਿਕਲਪਾਂ ਵਿਚੋਂ ਕਿਸੇ ਇਕ ਲਈ ਨਿਰਧਾਰਤ ਕੀਤੇ ਜਾਣ ਦੀਆਂ ਬਰਾਬਰ ਸੰਭਾਵਨਾਵਾਂ ਹਨ। ਸਾਰੇ ਕੇਸਾਂ ਵਿਚ, ਇਸ ਵਿਚ ਤੁਹਾਡੇ ਹਸਪਤਾਲ ਦੀ ਆਮ ਮਾਨਕ ਦੇਖਭਾਲ ਸ਼ਾਮਲ ਹੋਏਗੀ।

**ਇਲਾਜ ਅਤੇ ਹਸਪਤਾਲ ਵਿਚ ਹੋਣ ਵਾਲੇ ਫਾਲੋ-ਅੱਪ (14 ਦਿਨਾਂ ਤੱਕ ਜਾਂ ਹਸਪਤਾਲ ਤੋਂ ਛੁੱਟੀ ਮਿਲਣ ਤੱਕ, ਜੋ ਵੀ ਪਹਿਲਾਂ ਹੋਵੇ):** ਇਕ ਇਲਾਜ ਸਮੂਹ ਵਿਚ ਬੇਤਰਤੀਬੇ ਤਰੀਕੇ ਨਾਲ ਸ਼ਾਮਲ ਕੀਤੇ ਜਾਣ ਦੇ ਬਾਅਦ ਇਲਾਜ ਸ਼ੁਰੂ ਹੋਏਗਾ। ਵਿਕਲਪ ਇਹ ਹਨ:

1) ਬੇਰਸੀਟਿਨਿਬ (Baricitinib) (ਇਕ ਦਵਾਈ ਜੋ ਸਰੀਰ ਰੱਖਿਆ ਪ੍ਰਣਾਲੀ ਦੇ ਖਾਸ ਰਸਾਇਣਾਂ 'ਤੇ ਕੰਮ ਕਰਦੀ ਹੈ ਅਤੇ ਇਸਨੂੰ ਆਮ ਤੌਰ 'ਤੇ ਗਠੀਏ ਵਾਲੀਆਂ ਹਾਲਤਾਂ ਨੂੰ ਠੀਕ ਕਰਨ ਲਈ ਵਰਤਿਆ ਜਾਂਦਾ ਹੈ),
2) ਰਵਯੂਲਾਈਜ਼ੂਮਬ (Ravulizumab) (ਇਕ ਦਵਾਈ ਜੋ ਸਰੀਰ ਰੱਖਿਆ ਪ੍ਰਣਾਲੀ ਵਿਚ ਇਕ ਖਾਸ ਰਸਤੇ ਨੂੰ ਨਿਸ਼ਾਨਾ ਬਣਾਉਂਦੀ ਹੈ, ਅਤੇ ਪੈਰੋਕਸੀਮਲ ਨੋਕਟਰਨਲ ਹੈਮੋਗਲੋਬੀਨੂਰੀਆ (paroxysmal nocturnal haemoglobinuria) ਵੱਜੋਂ ਜਾਣੀ ਜਾਂਦੀ ਇਕ ਹਾਲਤ ਦਾ ਇਲਾਜ ਕਰਨ ਲਈ ਆਮ ਤੌਰ 'ਤੇ ਵਰਤਿਆ ਜਾਂਦਾ ਹੈ)
3) ਦੇਖਭਾਲ ਦਾ ਮਾਨਕ - (ਕੋਵਿਡ ਦੀ ਲਾਗ ਲਈ ਆਮ ਕਲੀਨਿਕਲ ਦੇਖਭਾਲ)

ਅਸੀਂ ਤੁਹਾਡੇ ਮੈਡੀਕਲ ਨੋਟਸ ਤੋਂ ਇਸ ਬਾਰੇ ਜਾਣਕਾਰੀ ਇਕੱਠੀ ਕਰਾਂਗੇ ਕਿ ਤੁਹਾਡੀ ਸਿਹਤ ਕਿਸ ਤਰ੍ਹਾਂ ਹੈ, ਤੁਹਾਡੇ ਹਸਪਤਾਲ ਵਿਚ ਰਹਿਣ ਦੌਰਾਨ ਤੁਸੀਂ ਖੂਨ ਦੇ ਕਿਹੜੇ ਟੈਸਟ ਅਤੇ ਐਕਸ-ਰੇਅ/ਸਕੈਨ ਕਰਾਵਏ ਹਨ, ਅਤੇ ਇਨ੍ਹਾਂ ਦੇ ਨਤੀਜਿਆਂ ਕੀ ਹਨ। ਤੁਹਾਡੀ ਸਰੀਰ ਰੱਖਿਆ ਪ੍ਰਣਾਲੀ ਦੇ ਸੈੱਲਾਂ ਅਤੇ ਖੂਨ ਵਿਚਲੇ ਨਿਸ਼ਾਨਾਂ ਨੂੰ ਦੇਖਣ ਲਈ ਦਿਨ 2, 6 ਅਤੇ 14 ਨੂੰ ਖੋਜ ਲਈ ਖੂਨ ਦੇ ਨਮੂਨੇ ਵੀ ਲਏ ਜਾ ਸਕਦੇ ਹਨ। ਅਸੀਂ ਵੱਧ ਤੋਂ ਵੱਧ 30ml (2 ਵੱਡੇ ਚਮਚ) ਖੂਨ ਲਵਾਂਗੇ।

**ਦਿਨ 28 ਅਤੇ ਦਿਨ 90 ਦਾ ਫਾਲੋਅੱਪ (ਟੈਲੀਫ਼ੋਨ ਕੱਲ ਜਾਂ ਹਸਪਤਾਲ ਦੀ ਵਿਜ਼ਿਟ):** ਅਸੀਂ ਤੁਹਾਡੀ ਸਿਹਤ ਦੇ ਬਾਰੇ ਕੁਝ ਪ੍ਰਸ਼ਨ ਪੁੱਛਾਂਗੇ ਅਤੇ ਅਸੀਂ ਤੁਹਾਨੂੰ ਤੁਹਾਡੇ ਸਥਾਨਕ ਜੀ ਪੀ (GP) ਵਿਖੇ ਜਾਂ ਜੇ ਤੁਹਾਡੀ ਵਿਜ਼ਿਟ ਹਸਪਤਾਲ ਵਿਚ ਹੁੰਦੀ ਹੈ ਤਾਂ ਉਹ ਹਸਪਤਾਲ ਜਿੱਥੇ ਤੁਹਾਡੀ

ਕੋਵਿਡ ਲਾਗ ਦੇ ਲਈ ਤੁਹਾਡਾ ਇਲਾਜ ਕੀਤਾ ਗਿਆ ਸੀ, ਵਿਖੇ ਤੁਹਾਨੂੰ ਖੂਨ ਦੇ ਕੁਝ ਟੈਸਟ ਕਰਵਾਉਣ ਲਈ ਕਹਿ ਸਕਦੇ ਹਾਂ। ਹਸਪਤਾਲ ਦੀ ਵਿਜ਼ਿਟ 'ਤੇ ਅਸੀਂ ਖੋਜ ਸਬੰਧੀ ਖੂਨ ਦਾ ਹੋਰ ਨਮੂਨਾ ਵੀ ਲੈ ਸਕਦੇ ਹਾਂ।

## 6. ਮੈਨੂੰ ਕੀ ਕਰਨਾ ਪਵੇਗਾ?

ਇਹ ਟਰਾਇਲ ਹਸਪਤਾਲ ਵਿਚ ਤੁਹਾਡੇ ਰਹਿਣ ਦੇ ਸਮੇਂ ਦੌਰਾਨ ਚੱਲੇਗਾ, ਇਸ ਕਰਕੇ ਤੁਹਾਨੂੰ ਕਿਸੇ ਹੋਰ ਵਾਰਡ ਵਿਚ ਜਾਣ ਦੀ ਜ਼ਰੂਰਤ ਨਹੀਂ ਪਵੇਗੀ। ਤੁਹਾਡੇ ਲਈ ਨਿਰਧਾਰਤ ਕੀਤੇ ਗਏ ਅਧਿਐਨ ਸਮੂਹ ਉੱਪਰ ਨਿਰਭਰ ਕਰਨ ਅਨੁਸਾਰ, ਡਰੱਗਜ਼ ਦੇ ਵਿਭਿੰਨ ਪ੍ਰਸ਼ਾਸ਼ਕ ਹੋ ਸਕਦੇ ਹਨ। ਟਰਾਇਲ ਫਲੋਅਚਾਰਟ ਦੇ ਵਿਚ ਇਨ੍ਹਾਂ ਬਾਰੇ ਸੰਖੇਪ ਵਿਚ ਦੱਸਿਆ ਗਿਆ ਹੈ, ਅਤੇ ਵਿਸਤਾਰ ਵਿਚ ਹੇਠਾਂ ਦੱਸਿਆ ਗਿਆ ਹੈ:

ਬੇਰਸੀਟਿਨਿਬ (Baricitinib)

ਇਸ ਡਰੱਗ ਨੂੰ ਮੂੰਹ ਰਾਹੀਂ 14 ਦਿਨਾਂ ਲਈ ਲਿਆ ਜਾਂਦਾ ਹੈ; ਟਰਾਇਲ ਦਾ ਡਾਕਟਰ ਤੁਹਾਨੂੰ ਦੱਸੇਗਾ ਕਿ ਹਰ ਦਿਨ ਤੁਸੀਂ ਕਿੰਨੀਆਂ ਗੋਲੀਆਂ ਲਵੋਗੇ। ਹਰ ਡੋਜ਼ ਭੋਜਨ ਜਾਂ ਪਾਣੀ ਦੇ ਗਲਾਸ ਨਾਲ ਲਈ ਜਾਣੀ ਚਾਹੀਦੀ ਹੈ ਅਤੇ ਗੋਲੀਆਂ ਨੂੰ ਪੂਰਾ ਨਿਗਲਿਆ ਜਾਵੇਗਾ ਜਾਂ ਜੇ ਤੁਸੀਂ ਨਿਗਲ ਨਹੀਂ ਸਕਦੇ ਤਾਂ ਇਨ੍ਹਾਂ ਨੂੰ ਤੋੜਿਆ ਜਾ ਸਕਦਾ ਹੈ।

ਰਵਯੁਲਾਈਜ਼ੁਮਬ (Ravulizumab):

ਇਸ ਡਰੱਗ ਨੂੰ ਇਕ ਯੋਗਤਾ ਪ੍ਰਾਪਤ ਨਰਸ/ਪ੍ਰੈਕਟੀਸ਼ਨਰ ਦੁਆਰਾ ਤੁਹਾਨੂੰ ਤੁਹਾਡੇ ਬਿਸਤਰ 'ਤੇ ਨਾੜੀ ਦੇ ਰਾਹੀਂ (ਆਈ ਵੀ) (IV) (ਭਾਵ ਤੁਹਾਡੀ ਬਾਂਹ ਦੀ ਨਾੜੀ ਵਿਚ ਡ੍ਰਿਪ ਲਗਾ ਕੇ) ਦਿੱਤਾ ਜਾਂਦਾ ਹੈ। ਤੁਸੀਂ ਇਸ ਟਰਾਇਲ ਦੇ ਲਈ ਇਸ ਦਵਾਈ ਦੀ 1 ਆਈ ਵੀ (IV) ਰਾਹੀਂ ਦਿੱਤੀ ਜਾਣ ਵਾਲੀ ਖੁਰਾਕ ਪ੍ਰਾਪਤ ਕਰੋਗੇ। ਜੇ ਤੁਹਾਨੂੰ ਇਹ ਵਿਕਲਪ ਦਿੱਤਾ ਜਾਂਦਾ ਹੈ, ਤੁਹਾਨੂੰ ਇਕ ਵੈਕਸੀਨ ਲੈਣੀ ਪਵੇਗੀ ਅਤੇ ਵੈਕਸੀਨ ਲੈਣ ਤੋਂ ਪਹਿਲਾਂ ਅਤੇ ਬਾਅਦ ਵਿਚ ਕੁਝ ਰੱਖਿਆਤਮਕ ਐਂਟੀਬਾਇਟਿਕ ਵੀ ਲਵੋਗੇ।

ਜੇ ਤੁਸੀਂ ਬਿਮਾਰ ਜਾਂ ਕੁਝ ਹੋਰ ਮਹਿਸੂਸ ਕਰਦੇ ਹੋ ਤਾਂ ਤੁਹਾਨੂੰ ਟਰਾਇਲ ਟੀਮ ਨੂੰ ਦੱਸਣਾ ਚਾਹੀਦਾ ਹੈ। ਜੇ ਤੁਹਾਨੂੰ ਕਿਸੇ ਤਰ੍ਹਾਂ ਦੀਆ ਵੱਡੀਆਂ ਚਿੰਤਾਵਾਂ ਹਨ ਜਾਂ ਬਹੁਤ ਬਿਮਾਰ ਮਹਿਸੂਸ ਕਰ ਰਹੇ ਹੋ, ਤਾਂ ਕਿਰਪਾ ਕਰਕੇ ਇਸ ਜਾਣਕਾਰੀ ਸ਼ੀਟ ਦੇ ਅੰਤ ਵਿਚ ਦਿੱਤੇ ਸੰਪਰਕ ਨੰਬਰਾਂ ਦੀ ਵਰਤੋਂ ਕਰਦਿਆਂ ਆਪਣੇ ਟਰਾਇਲ ਡਾਕਟਰਾਂ ਨਾਲ ਸੰਪਰਕ ਕਰੋ।

ਤੁਹਾਡੇ ਹਸਪਤਾਲ ਤੋਂ ਛੁੱਟੀ ਦੇ ਬਾਅਦ, ਅਸੀਂ ਤੁਹਾਨੂੰ ਦਿਨ 28 ਅਤੇ ਦਿਨ 90 ਦੀ ਫਾਲੋ-ਅੱਪ ਵਿਜ਼ਿਟ 'ਤੇ ਮਿਲਣ ਲਈ ਜਾਂ ਫ਼ੋਨ ਉੱਪਰ ਗੱਲ ਕਰਨ ਲਈ ਉਪਲਬੱਧ ਹੋਣ ਬਾਰੇ ਕਹਾਂਗੇ। ਜੇ ਇਹ ਮੁਲਾਕਾਤਾਂ ਹਸਪਤਾਲ ਵਿਚ ਹੁੰਦੀਆਂ ਹਨ ਤਾਂ ਅਸੀਂ ਹੋਰ ਕਲੀਨਿਕਲ ਅਤੇ ਖੋਜ ਸਬੰਧੀ ਖੂਨ ਦੇ ਨਮੂਨਿਆਂ ਲਈ ਕਹਿ ਸਕਦੇ ਹਾਂ।

ਜੇ ਤੁਹਾਨੂੰ ਰਵਯੁਲਾਈਜ਼ੁਮਬ (Ravulizumab) ਲੈਣ ਲਈ ਬੇਤਰਤੀਬ ਨਾਲ ਨਿਰਧਾਰਤ ਕੀਤਾ ਜਾਂਦਾ ਹੈ, ਤਾਂ ਟਰਾਇਲ ਦੇ ਦੌਰਾਨ ਅਤੇ ਟਰਾਇਲ ਦੇ ਪੂਰਾ ਹੋਣ ਤੋਂ 8 ਮਹੀਨੇ ਬਾਅਦ ਤੱਕ ਤੁਹਾਨੂੰ ਅਲਰਟ ਕਾਰਡ ਨੂੰ ਨਾਲ ਰੱਖਣਾ ਪਵੇਗਾ।

ਜੇ ਤੁਸੀਂ ਟਰਾਇਲ ਦੇ ਦੌਰਾਨ ਗਰਭਵਤੀ ਹੋਣ ਜਾਂ ਇਕ ਬੱਚੇ ਦੇ ਪਿਤਾ ਬਣਨ ਦਾ ਇਰਾਦਾ ਰੱਖਦੇ ਹੋ ਤਾਂ ਤੁਹਾਨੂੰ ਇਸ ਟਰਾਇਲ ਦੇ ਵਿਚ ਭਾਗ ਨਹੀਂ ਲੈਣਾ ਚਾਹੀਦਾ ਹੈ। ਉਹ ਔਰਤਾਂ ਜੋ ਬੱਚੇ ਪੈਦਾ ਕਰ ਸਕਦੀਆਂ ਹਨ ਉਨ੍ਹਾਂ ਨੂੰ ਟਰਾਇਲ ਦੀ ਪੂਰੀ ਅਵਧੀ ਦੇ ਲਈ ਅਤੇ ਆਖਰੀ ਇਲਾਜ ਦੀ ਸਮਾਪਤੀ ਤੋਂ 8 ਮਹੀਨੇ ਬਾਅਦ ਤੱਕ (ਜੇ ਕੇਵਲ ਰਵਯੁਲਾਈਜ਼ੁਮਬ (Ravulizumab) ਵਿਕਲਪ ਨੂੰ ਲੈਣ ਲਈ ਬੇਤਰਤੀਬ ਨਾਲ ਨਿਰਧਾਰਤ ਕੀਤਾ ਜਾਂਦਾ ਹੈ) ਹੇਠ ਲਿਖੇ ਭਰੋਸੇਯੋਗ ਗਰਭਨਿਰੋਧਕਾਂ ਵਿਚੋਂ ਇਕ ਨੂੰ ਲਾਜ਼ਮੀ ਤੌਰ ਤੇ ਵਰਤਣਾ ਚਾਹੀਦਾ ਹੈ
ਇਨ੍ਹਾਂ ਵਿਚ ਸ਼ਾਮਲ ਹੈ:

- ਇੰਟਰਾਯੂਟੀਰਾਇਨ ਡਿਵਾਇਸ (ਆਈ ਯੂ ਡੀ) (Intrauterine Device, IUD)
- ਹਾਰਮੋਨ ਅਧਾਰਤ ਗਰਭਨਿਰੋਧਕ (ਗੋਲੀ, ਗਰਭਨਿਰੋਧਕ ਟੀਕਾ ਜਾਂ ਇੰਪਲਾਂਟ ਆਦਿ)
- ਰੁਕਾਵਟੀ ਗਰਭਨਿਰੋਧਕ (ਕੰਡੋਮ ਜਾਂ ਅਕਲੂਸਿਵ ਕੈਪ ਜਿਵੇਂ ਡਾਇਅਫ੍ਰੈਮ ਜਾਂ ਸਪਰੀਮੀਸਾਇਡ ਦੇ ਨਾਲ ਬੱਚੇ ਦਾਨੀ ਦੇ ਮੂੰਹ ਦਾ ਕੈਪ)
- ਪੂਰੀ ਤਰ੍ਹਾਂ ਸਵੈ-ਨਿਯੰਤਰਣ (ਜਿੱਥੇ ਇਹ ਪ੍ਰਤੀਭਾਗੀ ਦੁਆਰਾ ਪ੍ਰਾਥਮਿਕਤਾ ਦਿੱਤੇ ਜਾਂਦੇ ਅਤੇ ਆਮ ਜੀਵਨਸ਼ੈਲੀ ਦੇ ਅਨੁਸਾਰ ਹੈ)

ਮਰਦਾਂ ਨੂੰ ਟਰਾਇਲ ਦੀ ਪੂਰੀ ਅਵਧੀ ਦੇ ਦੌਰਾਨ ਅਤੇ ਆਖਰੀ ਇਲਾਜ ਦੇ ਪੂਰੇ ਹੋਣ ਤੋਂ 8 ਮਹੀਨੇ ਬਾਅਦ ਤੱਕ (ਜੇ ਕੇਵਲ ਰਵਯੁਲਾਈਜ਼ੁਮਬ (Ravulizumab) ਵਿਕਲਪ ਨੂੰ ਲੈਣ ਲਈ ਬੇਤਰਤੀਬ ਨਾਲ ਨਿਰਧਾਰਤ ਕੀਤਾ ਜਾਂਦਾ ਹੈ) ਢੁੱਕਵੇਂ ਗਰਭਨਿਰੋਧਕ ਉਪਾਵਾਂ ਦੀ ਵਰਤੋਂ ਕਰਨ ਦੀ ਲੋੜ ਹੈ। ਇਨ੍ਹਾਂ ਵਿਚ ਸ਼ਾਮਲ ਹੈ:

- ਰੁਕਾਵਟੀ ਗਰਭਨਿਰੋਧਕ (ਕੰਡੋਮ ਅਤੇ ਸਪਰਮੀਸਾਇਡ) ਭਾਵੇਂ ਔਰਤ ਸਾਥੀ(ਸਾਥਣਾਂ) ਗਰਭਨਿਰੋਧਕ ਦਾ ਕੋਈ ਹੋਰ ਤਰੀਕਾ ਵਰਤ ਰਹੀ ਹੈ/ਰਹੀਆਂ ਹਨ ਜਾਂ ਪਹਿਲਾਂ ਤੋਂ ਹੀ ਗਰਭਵਤੀ ਹੋਣ (ਇਹ ਮਰਦ ਸਾਥੀਆਂ ਨੂੰ ਟਰਾਇਲ ਵਾਲੇ ਆਈ ਐਮ ਪੀ ਐਸ (IMPs) ਆਦਿ ਤੋਂ ਸੁਰੱਖਿਅਤ ਕਰਨ ਲਈ ਵੀ ਹੈ)।
- ਪੂਰੀ ਤਰ੍ਹਾਂ ਸਵੈ-ਨਿਯੰਤਰਣ (ਜਿੱਥੇ ਇਹ ਪ੍ਰਤੀਭਾਗੀ ਦੁਆਰਾ ਪ੍ਰਾਥਮਿਕਤਾ ਦਿੱਤੇ ਜਾਂਦੇ ਅਤੇ ਆਮ ਜੀਵਨਸ਼ੈਲੀ ਦੇ ਅਨੁਸਾਰ ਹੈ)

ਜੇ ਤੁਸੀਂ ਜਾਂ ਤੁਹਾਡਾ ਸਾਥੀ ਟਰਾਇਲ ਦੇ ਦੌਰਾਨ ਜਾਂ ਆਖਰੀ ਇਲਾਜ ਦੇ 8 ਮਹੀਨਿਆਂ (ਜੇ ਰਵਯੂਲਾਈਜ਼ੂਮਬ (Ravulizumab) ਵਿਕਲਪ ਨੂੰ ਲੈਣ ਲਈ ਬੇਤਰਤੀਬ ਨਾਲ ਨਿਰਧਾਰਤ ਕੀਤਾ ਜਾਂਦਾ ਹੈ) ਦੇ ਅੰਦਰ ਗਰਭਵਤੀ ਹੋ ਜਾਂਦੇ ਹੋ, ਤਾਂ ਤੁਹਾਨੂੰ ਟਰਾਇਲ ਡਾਕਟਰ ਨੂੰ ਤੁਰੰਤ ਸੂਚਿਤ ਕਰਨਾ ਚਾਹੀਦਾ ਹੈ।

ਤੁਹਾਨੂੰ ਇਸ ਟਰਾਇਲ ਵਿਚ ਤੁਹਾਡੀ ਸ਼ਮੂਲੀਅਤ ਬਾਰੇ ਤੁਹਾਡੇ ਨਾਲ ਜੁੜੇ ਕਿਸੇ ਵੀ ਬੀਮਾ ਪ੍ਰਦਾਤਾ (ਉਦਾ. ਰੱਖਿਆ ਬੀਮਾ, ਜੀਵਨ ਬੀਮਾ, ਆਮਦਨ ਸੁਰੱਖਿਆ, ਗੰਭੀਰ ਬਿਮਾਰੀ ਲਈ ਕਵਰ ਅਤੇ ਨਿੱਜੀ ਮੈਡੀਕਲ ਬੀਮਾ) ਨਾਲ ਚਰਚਾ ਕਰਨੀ ਚਾਹੀਦੀ ਹੈ ਅਤੇ ਜੇ ਜ਼ਰੂਰਤ ਹੋਵੇ ਤਾਂ ਸਲਾਹ ਦੀ ਮੰਗ ਕਰਨੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਨੂੰ ਸੂਚਿਤ ਕਰਨ ਵਿਚ ਅਸਫਲਤਾ ਤੁਹਾਡੇ ਕਵਰ ਨੂੰ ਪ੍ਰਭਾਵਿਤ ਕਰ ਸਕਦੀ ਹੈ ਜਾਂ ਅਯੋਗ ਬਣਾ ਸਕਦੀ ਹੈ।

## 7. ਡਰੱਗਜ਼ ਦੇ ਗੌਣ ਪ੍ਰਭਾਵ ਕੀ ਹਨ?

ਬੇਰਸੀਟਿਨਿਬ (Baricitinib):
**ਬਹੁਤ ਆਮ** (10% ਤੋਂ ਜ਼ਿਆਦਾ ਮਰੀਜ਼): ਸਾਹ ਪ੍ਰਣਾਲੀ ਦੇ ਉੱਪਰੀ ਰਸਤੇ ਦੀਆਂ ਲਾਗਾਂ (ਜ਼ੁਕਾਮ ਸਮੇਤ), ਉੱਚ ਕੈਲਸਟਰੋਲ।
ਆਮ (10% ਤੋ ਘੱਟ ਮਰੀਜ਼): ਜੀਅ ਮਚਲਣਾ, ਮੂੰਹ ਦੇ ਛਾਲੇ, ਖ਼ਾਰਸ਼, ਚਮੜੀ ਦੇ ਧੱਫੜ, ਖ਼ੂਨ ਦੇ ਥੱਕਿਆਂ ਦਾ ਵਧਿਆ ਜ਼ੋਖਮ, ਖਰਾਬ ਪੇਟ, ਪਿਸ਼ਾਬ ਨਾਲੀ ਦੀ ਲਾਗ, ਨਮੂਨੀਆ, ਜਿਗਰ ਦੇ ਐਨਜ਼ਾਇਮ ਦੇ ਉੱਚੇ ਪੱਧਰ।
ਅਸਧਾਰਣ (1% ਤੋਂ ਘੱਟ ਮਰੀਜ਼): ਭਾਰ ਵੱਧਣਾ, ਖ਼ੂਨ ਵਿਚਲੇ ਸਰੀਰ ਰੱਖਿਆ ਪ੍ਰਣਾਲੀ ਦੇ ਸੈੱਲਾਂ ਦਾ ਘਟਿਆ ਪੱਧਰ, ਖ਼ੂਨ ਦੇ ਥੱਕੇ, ਚਿਹਰੇ ਦੀ ਸੋਜਸ਼, ਮੁਹਾਂਸੇ।

ਰਵਯੂਲਾਈਜ਼ੂਮਬ (Ravulizumab):
ਬਹੁਤ ਆਮ (10% ਤੋਂ ਜ਼ਿਆਦਾ ਮਰੀਜ਼): ਸਾਹ ਪ੍ਰਣਾਲੀ ਦੇ ਉੱਪਰੀ ਰਸਤੇ ਦੀਆਂ ਲਾਗਾਂ (ਜ਼ੁਕਾਮ ਸਮੇਤ), ਸਿਰਦਰਦ, ਆਮ ਜ਼ੁਕਾਮ।
ਆਮ (10% ਤੋਂ ਘੱਟ ਮਰੀਜ਼): ਮੈਨਿਨਗੋਕੋਕੁਲ ਲਾਗ (ਬੈਕਟੀਰੀਆ ਕਾਰਨ ਹੋਈ ਦਿਮਾਗੀ ਲਾਗ), ਚੱਕਰ ਆਉਣੇ, ਜੀਅ ਮਚਲਾ, ਉਲਟੀ ਆਉਣਾ, ਚਮੜੀ ਦੇ ਧੱਫੜ, ਖਾਰਸ਼, ਪਿੱਠ, ਜੋੜਾਂ ਅਤੇ ਮਾਸਪੇਸ਼ੀਆਂ ਦਾ ਦਰਦ, ਮਾਸਪੇਸ਼ੀਆਂ ਦੀ ਅਕੜੇਸ, ਥਕਾਵਟ, ਫਲੂ ਵਰਗਾ ਬਿਮਾਰੀ, ਬੁਖਾਰ, ਕਾਂਬਾ ਲੱਗਣਾ।

## 8. ਭਾਗ ਲੈਣ ਦੇ ਸੰਭਾਵਤ ਨੁਕਸਾਨ ਅਤੇ ਜ਼ੋਖਮ ਕਿਹੜੇ ਹਨ?

ਖ਼ੂਨ ਦੇ ਟੈਸਟ: ਕਦੇ-ਕਦੇ ਸੂਈ ਵਾਲੀ ਥਾਂ ਤੇ ਕੁਝ ਝਰੀਟ ਜਾਂ ਜਲੂਣ ਪੈਦਾ ਹੋ ਸਕਦੀ ਹੈ ਅਤੇ ਬਹੁਤ ਦੁਰਲੱਭਤਾ ਨਾਲ ਸੂਈ ਵਾਲੀ ਥਾਂ 'ਤੇ ਲਾਗ ਲੱਗ ਸਕਦੀ ਹੈ।
ਡਰੱਗ ਨਾਲ ਇਲਾਜ: ਜਦੋਂ ਇਲਾਜ ਆਈ ਵੀ (IV) ਨਾਲ ਦਿੱਤੇ ਜਾਂਦੇ ਹਨ, ਤਾਂ ਤੁਸੀਂ ਸੂਈ ਲੱਗਣ ਦੀ ਥਾਂ 'ਤੇ ਥੋੜੀ ਜਿਹੀ ਬੇਆਰਾਮੀ ਮਹਿਸੂਸ ਕਰ ਸਕਦੇ ਹੋ। ਬੇਰਸੀਟਿਨਿਬ (Baricitinib) ਅਤੇ ਰਵਯੂਲਾਈਜ਼ੂਮਬ (Ravulizumab), ਦੋਵੇਂ ਆਮ ਤੌਰ ਤੇ ਯੂ ਕੇ (UK) ਵਿਚ ਮਰੀਜ਼ਾਂ ਨੂੰ ਦਿੱਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਬਰਦਾਸ਼ਤ ਕੀਤਾ ਜਾਂਦਾ ਹੈ। ਵੈਸੇ ਅਲੱਗ-ਅਲੱਗ ਮਰੀਜ਼ ਇਕੋ ਦਵਾਈ 'ਤੇ ਵਿਭਿੰਨ ਤਰੀਕੇ ਨਾਲ ਪ੍ਰਤੀਕ੍ਰਿਆ ਕਰ ਸਕਦੇ ਹਨ ਜਿਸਦਾ ਮਤਲਬ ਹੈ ਕਿ ਗੌਣ ਪ੍ਰਭਾਵ ਮਹਿਸੂਸ ਕਰਨ ਦੀ ਸੰਭਾਵਨਾ ਹੈ। ਟਰਾਇਲ ਵਾਲਾ ਡਾਕਟਰ ਕਿਸੇ ਤਰ੍ਹਾਂ ਦੇ ਗੌਣ ਪ੍ਰਭਾਵਾਂ ਨੂੰ ਨਿਯਮਤ ਰੂਪ ਵਿਚ ਮਾਨੀਟਰ ਕਰੇਗਾ ਅਤੇ ਜਿੱਥੇ ਜ਼ਰੂਰੀ ਹੋਏਗਾ ਢੁੱਕਵੀਆਂ ਕਾਰਵਾਈਆਂ ਕਰੇਗਾ। ਜੇ ਤੁਹਾਨੂੰ ਰਵਯੂਲਾਈਜ਼ੂਮਬ (Ravulizumab) ਵਾਲਾ ਵਿਕਲਪ ਲੈਣ ਲਈ ਬੇਤਰਤੀਬੇ ਤਰੀਕੇ ਨਾਲ ਨਿਰਧਾਰਤ ਕੀਤਾ ਜਾਂਦਾ ਹੈ, ਤਾਂ ਤੁਹਾਨੂੰ ਇਲਾਜ ਸਮਾਪਤ ਕਰਨ 'ਤੇ ਦਿਮਾਗੀ ਬੁਖਾਰ (ਮੈਨਿਨਜਾਇਟਿਸ) ਦੀ ਵੈਕਸੀਨ ਲੈਣ ਦੀ ਲੋੜ ਪਵੇਗੀ। ਇਸ ਦੇ ਇਲਾਵਾ ਜਦੋਂ ਤੱਕ ਤੁਹਾਨੂੰ ਵੈਕਸੀਨ ਦਿੱਤੀ ਜਾਂਦੀ ਹੈ ਤੁਹਾਨੂੰ ਨਿਰੰਤਰ ਰੂਪ ਵਿਚ, ਅਤੇ ਵੈਕਸੀਨ ਦਿੱਤੇ ਜਾਣ ਤੋਂ ਬਾਅਦ 2 ਹੋਰ ਹਫ਼ਤੇ ਲਈ ਐਂਟੀਬਾਇਟਿਕਸ ਲੈਣ ਦੀ ਵੀ ਲੋੜ ਪਵੇਗੀ।

## 9. ਭਾਗ ਲੈਣ ਦੇ ਸੰਭਾਵਤ ਲਾਭ ਕੀ ਹਨ?

ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ ਕਿ ਇਸ ਟਰਾਇਲ ਵਿਚ ਭਾਗ ਲੈਣ 'ਤੇ ਤੁਹਾਨੂੰ ਕੋਈ ਲਾਭ ਹੋਏਗਾ। ਵੈਸੇ ਇਸ ਟਰਾਇਲ ਵਿਚ ਤੁਹਾਡੇ ਭਾਗ ਲੈਣ ਦੇ ਹਿੱਸੇ ਵੱਜੋਂ ਇਕੱਤਰ ਕੀਤੀ ਗਈ ਜਾਣਕਾਰੀ ਭਵਿੱਖ ਵਿਚ ਕੋਵਿਡ-19 ਵਾਲੇ ਮਰੀਜ਼ਾਂ ਨੂੰ ਲਾਭ ਪਹੁੰਚਾ ਸਕਦੀ ਹੈ।

## 10. ਇਲਾਜ ਦੇ ਹੋਰ ਵਿਕਲਪ ਕਿਹੜੇ ਹਨ?

ਮੌਜੂਦਾ ਸਮੇਂ ਕੋਵਿਡ-19 ਦੀਆਂ ਕੋਈ ਵੀ ਰੋਕਥਾਮਕਾਰੀ ਡਰੱਗਜ਼ ਨਹੀਂ ਹਨ।

## 11. ਜਦੋਂ ਟਰਾਇਲ ਸਮਾਪਤ ਹੋ ਜਾਂਦਾ ਹੈ ਤਾਂ ਕੀ ਹੁੰਦਾ ਹੈ?

ਇਕ ਵਾਰ ਜਦੋਂ ਟਰਾਇਲ ਸਮਾਪਤ ਹੋ ਜਾਵੇਗਾ, ਤੁਹਾਨੂੰ ਨਿਯਮਤ ਇਲਾਜ ਲੈਣ ਲਈ ਵਾਪਸ ਹਵਾਲਗੀ ਦਿੱਤੀ ਜਾਵੇਗੀ। ਇਸ ਟਰਾਇਲ ਦੇ ਨਤੀਜਿਆਂ ਦੇ ਲੰਬਿਤ ਹੋਣ ਤੱਕ, ਇਲਾਜ ਸਬੰਧੀ ਦਿਸ਼ਾ ਨਿਰਦੇਸ਼ ਬਦਲ ਸਕਦੇ ਹਨ।

## 12. ਖਰਚੇ ਅਤੇ ਭੁਗਤਾਨ?

ਇਸ ਟਰਾਇਲ ਵਿਚ ਭਾਗ ਲੈਣ ਦੇ ਕਾਰਨ ਤੁਸੀਂ ਕਿਸੇ ਤਰ੍ਹਾਂ ਦਾ ਭੁਗਤਾਨ ਪ੍ਰਾਪਤ ਨਹੀਂ ਕਰੋਗੇ ਅਤੇ ਇਸ ਟਰਾਇਲ ਵਿਚ ਭਾਗ ਲੈਣ ਲਈ ਤੁਹਾਡੇ ਦੁਆਰਾ ਖਰਚੇ ਗਏ ਕਿਸੇ ਤਰ੍ਹਾਂ ਦੇ ਪੈਸੇ ਦਾ ਤੁਹਾਨੂੰ ਵਾਪਸ ਭੁਗਤਾਨ ਕਰਨ ਵਿਚ ਅਸੀਂ ਅਸਮਰੱਥ ਹਾਂ।

## ਸੈਕਸ਼ਨ 2: ਟਰਾਇਲ ਦਾ ਸੰਚਾਲਨ

### 13. ਜੇ ਨਵੀਂ ਜਾਣਕਾਰੀ ਉਪਲਬੱਧ ਹੋ ਜਾਂਦੀ ਹੈ ਤਾਂ ਕੀ ਹੋਏਗਾ?

ਕਈਂ ਵਾਰ ਅਧਿਐਨ ਦੇ ਦੌਰਾਨ ਟਰਾਇਲ ਵਾਲੀ ਜਾਣਕਾਰੀ ਉਪਲਬੱਧ ਹੋ ਜਾਂਦੀ ਹੈ ਜੋ ਇਸ ਟਰਾਇਲ ਵਿਚ ਤੁਹਾਡੇ ਦੁਆਰਾ ਸ਼ਮੂਲੀਅਤ ਜਾਰੀ ਰੱਖਣ ਨੂੰ ਪ੍ਰਭਾਵਿਤ ਕਰ ਸਕਦੀ ਹੈ। ਨਵੀਂ ਜਾਣਕਾਰੀ ਬਾਰੇ ਚਰਚਾ ਕਰਨ ਲਈ ਅਤੇ ਇਹ ਪੁੱਛਣ ਲਈ ਕਿ ਕੀ ਤੁਸੀਂ ਟਰਾਇਲ ਵਿਚ ਸ਼ਮੂਲੀਅਤ ਨੂੰ ਜਾਰੀ ਰੱਖਣਾ ਚਾਹੁੰਦੇ ਹੋ, ਤੁਹਾਡਾ ਟਰਾਇਲ ਡਾਕਟਰ ਤੁਹਾਡੇ ਨਾਲ ਸੰਪਰਕ ਕਰੇਗਾ। ਜੇ ਤੁਸੀਂ ਟਰਾਇਲ ਨੂੰ ਜਾਰੀ ਰੱਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਇਕ ਨਵੇਂ ਸੂਚਿਤ ਸਹਿਮਤੀ ਫਾਰਮ ਉੱਪਰ ਦਸਤਖਤ ਕਰਨ ਲਈ ਕਿਹਾ ਜਾਵੇਗਾ। ਟਰਾਇਲ ਦਾ ਪ੍ਰਾਯੋਜਕ, ਨਿਯਾਮਕ ਅਥਾਰਟੀ ਜਾਂ ਟਰਾਇਲ ਦਾ ਡਾਕਟਰ ਟਰਾਇਲ ਨੂੰ ਕਿਸੇ ਵੀ ਸਮੇਂ ਰੋਕਣ ਦਾ ਨਿਰਣਾ ਕਰ ਸਕਦੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਅਸੀਂ ਤੁਹਾਨੂੰ ਦੱਸਾਂਗੇ ਕਿ ਟਰਾਇਲ ਨੂੰ ਕਿਉਂ ਰੋਕਿਆ ਗਿਆ ਹੈ ਅਤੇ ਤੁਹਾਡੇ ਲਈ ਢੁੱਕਵੀਂ ਦੇਖਭਾਲ ਦਾ ਪ੍ਰਬੰਧ ਕਰਾਂਗੇ।

### 14. ਜੇ ਮੈਂ ਅੱਗੇ ਵਾਸਤੇ ਟਰਾਇਲ ਵਿਚ ਭਾਗ ਨਾ ਲੈਣਾ ਚਾਹੁੰਦਾ/ਦੀ ਹੋਵਾਂ ਤਾਂ ਕੀ?

ਤੁਸੀਂ ਕੋਈ ਵੀ ਕਾਰਨ ਦੱਸੇ ਬਿਨਾਂ ਅਤੇ ਆਪਣੀ ਭਵਿੱਖ ਦੀ ਦੇਖਭਾਲ ਨੂੰ ਪ੍ਰਭਾਵਿਤ ਕੀਤੇ ਬਿਨਾਂ ਕਿਸੇ ਵੀ ਸਮੇਂ ਟਰਾਇਲ ਵਿਚੋਂ ਬਾਹਰ ਨਿਕਲਣ ਲਈ ਆਜ਼ਾਦ ਹੋ। ਜੇ ਤੁਸੀਂ ਅੱਗੇ ਵਾਸਤੇ ਭਾਗ ਨਾ ਲੈਣ ਦਾ ਨਿਰਣਾ ਕਰਦੇ ਹੋ, ਤਾਂ ਤੁਸੀਂ ਅੱਗੇ ਵਾਸਤੇ ਟਰਾਇਲ ਵਾਲਾ ਇਲਾਜ ਪ੍ਰਾਪਤ ਨਹੀਂ ਕਰੋਗੇ। ਤੁਹਾਡੇ ਹੋਰ ਟੈਸਟ ਨਹੀਂ ਕੀਤੇ ਜਾਣਗੇ ਅਤੇ ਅੱਗੇ ਵਾਸਤੇ ਹੋਰ ਨਮੂਨੇ ਇਕੱਤਰ ਨਹੀਂ ਕੀਤੇ ਜਾਣਗੇ। ਇਕੱਤਰ ਕੀਤਾ ਗਿਆ ਕਿਸੇ ਤਰ੍ਹਾਂ ਦਾ ਡਾਟਾ ਜਾਂ ਤੁਹਾਡੇ ਉੱਪਰ ਪਹਿਲਾਂ ਕੀਤੇ ਜਾ ਚੁੱਕੇ ਟੈਸਟਾਂ ਦੇ ਨਤੀਜਿਆਂ ਜਾਂ ਤੁਹਾਡੇ ਨਮੂਨਿਆਂ ਨੂੰ ਟਰਾਇਲ ਦੇ ਵਿਸ਼ਲੇਸ਼ਣ ਵਿਚ ਵਰਤਿਆ ਜਾਣਾ ਜਾਰੀ ਰਹੇਗਾ।

ਜੇ ਟਰਾਇਲ ਦਾ ਡਾਕਟਰ ਇਹ ਮਹਿਸੂਸ ਕਰਦਾ ਹੈ ਕਿ ਇਹ ਤੁਹਾਡੇ ਸਭ ਤੋਂ ਚੰਗੇਰੇ ਹਿੱਤਾਂ ਵਿਚ ਹੈ ਜਾਂ ਜੇ ਤੁਸੀਂ ਟਰਾਇਲ ਦੀਆਂ ਜ਼ਰੂਰਤਾਂ ਦੀ ਪਾਲਣਾ ਕਰਨ ਵਿਚ ਅਸਮਰੱਥ ਰਹੇ ਹੋ ਤਾਂ ਉਹ ਤੁਹਾਨੂੰ ਟਰਾਇਲ ਤੋਂ ਹਟਾਉਣਾ ਚੁਣ ਸਕਦਾ ਹੈ। ਟਰਾਇਲ ਤੋਂ ਹੱਟਣ ਦੇ ਕਾਰਨਾਂ ਵਿਚ ਸ਼ਾਮਲ ਹੋ ਸਕਦਾ ਹੈ:

- ਤੁਸੀਂ ਗੰਭੀਰ ਗੌਣ ਪ੍ਰਭਾਵ ਦਾ ਅਨੁਭਵ ਕੀਤਾ ਹੈ।
- ਤੁਸੀਂ ਜਿਸ ਤਰ੍ਹਾਂ ਲੋੜੀਂਦਾ ਹੈ ਟਰਾਇਲ ਵਿਜ਼ਿਟ, ਦਵਾਈ ਜਾਂ ਦਸਤਾਵੇਜ਼ਾਂ ਨੂੰ ਪੂਰਾ ਕਰਨ ਵਿਚ ਅਸਮਰੱਥ ਹੋ
- ਟਰਾਇਲ ਡਾਕਟਰ ਇਹ ਮਹਿਸੂਸ ਕਰਦਾ ਹੈ ਕਿ ਤੁਸੀਂ ਇਲਾਜ ਤੋਂ ਹੁਣ ਲਾਭ ਨਹੀਂ ਪ੍ਰਾਪਤ ਕਰ ਰਹੇ ਹੋ

ਜੇ ਤੁਸੀਂ ਟਰਾਇਲ ਦੇ ਦੌਰਾਨ ਕਿਸੇ ਤਰ੍ਹਾਂ ਦੇ ਗੰਭੀਰ ਗੌਣ ਪ੍ਰਭਾਵਾਂ, ਜਿਨ੍ਹਾਂ ਦੇ ਕਾਰਨ ਤੁਹਾਨੂੰ ਟਰਾਇਲ ਤੋਂ ਹੱਟਣ ਦੀ ਲੋੜ ਪੈਂਦੀ ਹੈ, ਦਾ ਅਨੁਭਵ ਕਰਦੇ ਹੋ, ਤਾਂ ਤੁਹਾਡਾ ਟਰਾਇਲ ਦਾ ਡਾਕਟਰ ਤੁਹਾਡੇ ਨਾਲ ਤੁਹਾਡੀ ਸਿਹਤਯਾਬੀ ਬਾਰੇ ਉਸ ਸਮੇਂ ਤੱਕ ਫਾਲੋ-ਅੱਪ ਕਰੇਗਾ ਜਦੋਂ ਤੱਕ ਗੌਣ ਪ੍ਰਭਾਵ ਸਥਿਰ ਜਾਂ ਠੀਕ ਨਹੀਂ ਹੋ ਜਾਂਦੇ।

### 15. ਜੇ ਕੋਈ ਸਮੱਸਿਆ ਹੋਵੇ ਤਾਂ ਕੀ ਹੋਏਗਾ?

ਟਰਾਇਲ ਦੇ ਦੌਰਾਨ ਜਿਸ ਤਰੀਕੇ ਨਾਲ ਤੁਹਾਡੇ ਨਾਲ ਵਿਹਾਰ ਕੀਤਾ ਗਿਆ ਹੈ ਉਸ ਬਾਰੇ ਕੋਈ ਸ਼ਿਕਾਇਤ ਜਾਂ ਕੋਈ ਵੀ ਸੰਭਾਵੀ ਨੁਕਸਾਨ ਜਿਸਦਾ ਤੁਸੀਂ ਸਾਹਮਣਾ ਕਰ ਸਕਦੇ ਹੋ, ਨੂੰ ਵਿਚਾਰਿਆ ਜਾਵੇਗਾ। ਜੇ ਤੁਹਾਨੂੰ ਇਸ ਟਰਾਇਲ ਦੇ ਕਿਸੇ ਪੱਖ ਬਾਰੇ ਕਿਸੇ ਤਰ੍ਹਾਂ ਦੀਆਂ ਚਿੰਤਾਵਾਂ ਹਨ ਤਾਂ ਤੁਹਾਨੂੰ ਆਪਣੇ ਟਰਾਇਲ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ ਜੋ ਤੁਹਾਡੇ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਆਪਣੀ ਸਭ ਤੋਂ ਵਧੀਆ ਕੋਸ਼ਿਸ਼ ਕਰਨਗੇ।

ਉਸ ਹਾਲਤ ਵਿਚ ਜਦੋਂ ਕਿ ਕੁਝ ਗਲਤ ਹੁੰਦਾ ਹੈ ਅਤੇ ਟਰਾਇਲ ਵਿਚ ਭਾਗ ਲੈਣ ਦੇ ਕਾਰਨ ਤੁਹਾਨੂੰ ਨੁਕਸਾਨ ਹੁੰਦਾ ਹੈ, ਅਤੇ ਜੇ ਇਹ ਕਿਸੇ ਦੀ ਅਣਗਹਿਲੀ ਕਰਕੇ ਹੋਇਆ ਹੈ ਤਾਂ ਤੁਹਾਡੇ ਕੋਲ ਕੈਂਬਰਿਜ ਯੂਨੀਵਰਸਿਟੀ ਹਾਸਪੀਟਲਜ਼ ਐਨ ਐਚ ਐਸ ਫਾਊਂਡੇਸ਼ਨ ਟਰੱਸਟ (Cambridge University Hospitals NHS Foundation Trust) (ਬਹੁ-ਕੇਂਦਰੀ ਟਰਾਇਲਾਂ ਲਈ ਤੁਹਾਡਾ ਹਸਪਤਾਲ) ਦੇ ਵਿਰੁੱਧ ਮੁਆਵਜ਼ੇ ਲਈ ਕਾਨੂੰਨੀ ਕਾਰਵਾਈ ਕਰਨ ਦੇ ਆਧਾਰ ਹੋ ਸਕਦੇ ਹਨ। ਜੇ ਤੁਹਾਡਾ ਦਾਅਵਾ ਸਫ਼ਲ ਹੋ ਜਾਂਦਾ ਹੈ, ਤੁਹਾਡੀਆਂ ਕਾਨੂੰਨੀ ਲਾਗਤਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ। ਤੁਹਾਡੇ ਲਈ ਨੈਸ਼ਨਲ ਹੈਲਥ ਸਰਵਿਸ (National Health Service) ਦੀ ਸ਼ਿਕਾਇਤਾਂ ਦੀ ਪ੍ਰਣਾਲੀ ਫਿਰ ਵੀ ਉਪਲਬੱਧ ਰਹੇਗੀ (ਜੇ ਢੁੱਕਵਾਂ ਹੋਏ)।

ਐਨ ਐਚ ਐਸ (NHS) ਬਿਨਾਂ-ਗਲਤੀ ਵਾਲਾ ਮੁਆਵਜ਼ਾ ਨਹੀਂ ਪ੍ਰਦਾਨ ਕਰਦਾ ਹੈ ਭਾਵ ਬਿਨਾਂ-ਅਣਗਹਿਲੀ ਦੇ ਹੋਇਆ ਨੁਕਸਾਨ, ਅਤੇ ਐਨ ਐਚ ਐਸ (NHS) ਦੇ ਅਦਾਰੇ ਬਿਨਾ-ਅਣਗਹਿਲੀ ਦੇ ਹੋਣ ਵਾਲੇ ਨੁਕਸਾਨ ਲਈ ਮੁਆਵਜ਼ੇ ਦੇ ਭੁਗਤਾਨ ਵਾਸਤੇ ਪੇਸ਼ਗੀ ਤੌਰ 'ਤੇ ਸਹਿਮਤ ਹੋਣ ਤੋਂ ਅਸਮਰੱਥ ਹਨ। ਇਕ ਦਾਅਵਾ ਹੋਣ ਦੀ ਹਾਲਤ ਵਿਚ ਉਹ ਐਕਸ-ਗ੍ਰੇਸ਼ੀਆ ਭੁਗਤਾਨ ਬਾਰੇ ਵਿਚਾਰ ਕਰਨ ਦੇ ਸਮਰੱਥ ਹਨ।

ਜੇ ਤੁਸੀਂ ਸ਼ਿਕਾਇਤ ਕਰਨ ਦੀ ਇੱਛਾ ਕਰਦੇ ਹੋ ਜਾਂ ਜੇ ਤੁਹਾਨੂੰ ਉਸ ਤਰੀਕੇ ਜਿਸ ਤਰ੍ਹਾਂ ਤੁਹਾਡੇ ਤੱਕ ਪਹੁੰਚ ਕੀਤੀ ਗਈ ਹੈ ਜਾਂ ਇਸ ਟਰਾਇਲ ਦੇ ਦੌਰਾਨ ਵਿਹਾਰ ਕੀਤਾ ਗਿਆ ਹੈ, ਦੇ ਕਿਸੇ ਪੱਖ ਬਾਰੇ ਕੋਈ ਚਿੰਤਾਵਾਂ ਹਨ, ਤਾਂ ਤੁਸੀਂ ਐਨ ਐਚ ਐਸ (NHS) ਦੀ ਸ਼ਿਕਾਇਤਾਂ ਦੀ ਪ੍ਰਕ੍ਰਿਆ ਦੇ ਰਾਹੀਂ ਅਜਿਹਾ ਕਰ ਸਕਦੇ ਹੋ। ਪਹਿਲੇ ਪੜਾਅ 'ਤੇ ਆਪਣੇ ਹਸਪਤਾਲ ਵਿਚ ਪੇਸ਼ੈਂਟ ਅਡਵਾਇਸ ਐਂਡ ਲਾਇਜ਼ਨ ਸਰਵਿਸ (ਪੀ ਏ ਐਲ ਐਸ) (Patient Advice and Liaison Service, PALS) ਨਾਲ ਸੰਪਰਕ ਕਰਨਾ ਲਾਹੇਵੰਦ ਹੋ ਸਕਦਾ ਹੈ।

### 16. ਕੀ ਟਰਾਇਲ ਵਿਚ ਮੇਰੀ ਸ਼ਮੂਲੀਅਤ ਨੂੰ ਗੋਪਨੀਯ ਰੱਖਿਆ ਜਾਵੇਗਾ?

**ਸੀ ਯੂ ਐਚ (CUH) (ਜਿੱਥੇ ਪ੍ਰਾਯੋਜਕ ਟਰਾਇਲ ਦੀ ਸਾਇਟ ਵੀ ਹੁੰਦਾ ਹੈ) ਵਿਖੇ ਭਰਤੀ ਕੀਤੇ ਗਏ ਮਰੀਜ਼ਾਂ ਲਈ:**

ਯੂ ਕੇ (UK) ਵਿਚ ਅਧਾਰਤ ਇਸ ਕਲੀਨਿਕਲ ਟਰਾਇਲ ਲਈ ਕੈਂਬਰਿਜ ਯੂਨੀਵਰਸਿਟੀ ਹਾਸਪੀਟਲਜ਼ ਐਨ ਐਚ ਐਸ ਫਾਉਂਡੇਸ਼ਨ ਟਰੱਸਟ (ਸੀ ਯੂ ਐਚ) (Cambridge University Hospitals NHS Foundation Trust, CUH) ਪ੍ਰਾਯੋਜਕ ਹੈ। ਇਸ ਟਰਾਇਲ ਨੂੰ ਪੂਰਾ ਕਰਨ ਲਈ ਉਹ ਤੁਹਾਡੇ ਤੋਂ ਅਤੇ ਤੁਹਾਡੇ ਚਿਕਿਤਸਕ ਰਿਕਾਰਡਾਂ ਤੋਂ ਪ੍ਰਾਪਤ ਜਾਣਕਾਰੀ ਦੀ ਵਰਤੋਂ ਕਰ ਰਹੇ ਹੋਣਗੇ ਅਤੇ ਇਸ ਟਰਾਇਲ ਦੇ ਲਈ ਅੰਕੜਿਆਂ ਦੇ ਨਿਯੰਤਰਕ ਦੇ ਤੌਰ ਤੇ ਕੰਮ ਕਰਨਗੇ। ਇਸਦਾ ਮਤਲਬ ਇਹ ਹੈ ਕਿ ਉਹ ਤੁਹਾਡੀ ਜਾਣਕਾਰੀ ਦਾ ਧਿਆਨ ਰੱਖਣ ਅਤੇ ਇਸਨੂੰ ਸਹੀ ਤਰੀਕੇ ਨਾਲ ਵਰਤਣ ਲਈ ਜ਼ਿੰਮੇਵਾਰ ਹਨ। ਪ੍ਰਾਯੋਜਕ ਸੰਗਠਨ ਤੁਹਾਡੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਤੇ ਟਰਾਇਲ ਦੀ ਸਮਾਪਤੀ ਤੋਂ ਬਾਅਦ ਅਥਾਰਟੀਆਂ ਨੂੰ ਇਸਦੀ ਸਮੀਖਿਆ ਲਈ ਆਗਿਆ ਦੇਣ ਲਈ, ਪ੍ਰਾਯੋਜਕ ਸੰਗਠਨ ਤੁਹਾਡੇ ਬਾਰੇ ਪਛਾਣਯੋਗ ਜਾਣਕਾਰੀ ਨੂੰ 5 ਸਾਲ ਤੱਕ ਰੱਖੇਗਾ।

ਆਪਣੀ ਜਾਣਕਾਰੀ ਤੱਕ ਪਹੁੰਚ, ਇਸਨੂੰ ਬਦਲਣ ਜਾਂ ਇਸਦੀ ਥਾਂ ਬਦਲਣ ਸਬੰਧੀ ਤੁਹਾਡੇ ਅਧਿਕਾਰ ਸੀਮਤ ਹਨ, ਕਿਉਂਕਿ ਖੋਜ ਦੇ ਭਰੋਸੇਮੰਦ ਅਤੇ ਸਟੀਕ ਹੋਣ ਲਈ ਰਹੇ ਪ੍ਰਾਯੋਜਕ ਸੰਗਠਨ ਨੂੰ ਤੁਹਾਡੀ ਜਾਣਕਾਰੀ ਨੂੰ ਖਾਸ ਤਰੀਕਿਆਂ ਨਾਲ ਸੰਭਾਲਣ ਦੀ ਲੋੜ ਹੁੰਦੀ ਹੈ। ਤੁਹਾਡੇ ਅਧਿਕਾਰਾਂ ਦੀ ਰੱਖਿਆ ਕਰਨ ਲਈ, ਅਸੀਂ ਜਿੰਨਾ ਸੰਭਵ ਹੋ ਸਕੇ ਨਿੱਜੀ ਰੂਪ ਵਿਚ ਘੱਟ ਤੋਂ ਘੱਟ ਪਹਿਚਾਣਯੋਗ ਜਾਣਕਾਰੀ ਦੀ ਵਰਤੋਂ ਕਰਾਂਗੇ।

ਪ੍ਰਾਯੋਜਕ ਤੁਹਾਡੀ ਜਾਣਕਾਰੀ ਨੂੰ ਕਿਸ ਤਰ੍ਹਾਂ ਵਰਤਦਾ ਹੈ ਇਸ ਬਾਰੇ ਹੋਰ ਜਾਣਕਾਰੀ ਨੂੰ ਤੁਸੀਂ ਹੇਠਾਂ ਦਿੱਤੀ ਜਾਣਕਾਰੀ ਦੀ ਵਰਤੋਂ ਕਰਕੇ ਪਤਾ ਕਰ ਸਕਦੇ ਹੋ:

- ਕੈਂਬਰਿਜ ਯੂਨੀਵਰਸਿਟੀ ਹਾਸਪੀਟਲਜ਼ ਐਨ ਐਚ ਐਸ ਫਾਉਂਡੇਸ਼ਨ ਟਰੱਸਟ (Cambridge University Hospitals NHS Foundation Trust) ਲਈ ਕਿਰਪਾ ਕਰਕੇ ਦੇਖੋ: https://www.cuh.nhs.uk/corporate-information/about-us/our-responsibilities/looking-after-your- information, or email the Data Protection Officer at: gdpr.enquiries@addenbrookes.nhs.uk

ਕੈਂਬਰਿਜ ਯੂਨੀਵਰਸਿਟੀ ਹਾਸਪੀਟਲਜ਼ (Cambridge University Hospitals) ਇਸ ਟਰਾਇਲ ਬਾਰੇ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਹਾਡਾ ਨਾਮ, ਅਤੇ ਸੰਪਰਕ ਵੇਰਵਿਆਂ ਨੂੰ ਇੱਕਤਰ ਕਰੇਗਾ ਅਤੇ ਇਹ ਯਕੀਨੀ ਬਣਾਵੇਗਾ ਕਿ ਤੁਹਾਡੀ ਦੇਖਭਾਲ ਅਤੇ ਅਧਿਐਨ ਦੀ ਗੁਣਵੱਤਤਾ ਦੀ ਨਿਗਰਾਨੀ ਲਈ ਟਰਾਇਲ ਦੇ ਬਾਰੇ ਮਹੱਤਵਪੂਰਨ ਜਾਣਕਾਰੀ ਰਿਕਾਰਡ ਕੀਤੀ ਜਾਂਦੀ ਹੈ। ਪ੍ਰਾਯੋਜਕ ਅਤੇ ਨਿਯਾਮਕ ਕਕਕਕ ਸੰਗਠਨਾਂ ਨਾਲ ਸਬੰਧਤ ਵਿਅਕਤੀ, ਇਸ ਟਰਾਇਲ ਦੀ ਸਟੀਕਤਾ ਦੀ ਜਾਂਚ ਲਈ ਤੁਹਾਡੇ ਖੋਜ ਸਬੰਧੀ ਰਿਕਾਰਡਾਂ ਨੂੰ ਦੇਖ ਸਕਦੇ ਹਨ। ਕੈਂਬਰਿਜ ਯੂਨੀਵਰਸਿਟੀ ਹਾਸਪੀਟਲਜ਼ (Cambridge University Hospitals) ਤੁਹਾਡੇ ਬਾਰੇ ਇਕੱਤਰ ਕੀਤੀ ਜਾਣਕਾਰੀ ਅਤੇ ਤੁਹਾਡੇ ਮੈਡੀਕਲ ਰਿਕਾਰਡਾਂ ਦੇ ਨਾਲ ਇਨ੍ਹਾਂ ਵੇਰਵਿਆਂ ਨੂੰ ਪ੍ਰਾਯੋਜਕ ਦੇ ਕੋਲ ਭੇਜ ਦੇਵੇਗੀ। ਪ੍ਰਾਯੋਜਕ ਸੰਗਠਨ ਵਿਚ ਤੁਹਾਡੀ ਪਛਾਣ ਕਰਦੀ ਜਾਣਕਾਰੀ ਤੱਕ ਪਹੁੰਚ ਰੱਖਣ ਵਾਲੇ ਲੋਕ ਕੇਵਲ ਉਹ ਲੋਕ ਹੋਣਗੇ, ਜਿਨ੍ਹਾਂ ਨੂੰ ਇਸ ਟਰਾਇਲ ਦੇ ਬਾਰੇ ਤੁਹਾਡੇ ਨਾਲ ਸੰਪਰਕ ਕਰਨ ਅਤੇ ਡਾਟਾ ਇਕੱਤਰ ਕਰਨ ਦੀ ਪ੍ਰਕ੍ਰਿਆ ਦਾ ਆਡਿਟ ਕਰਨ ਦੀ ਲੋੜ ਹੁੰਦੀ ਹੈ। ਕੈਂਬਰਿਜ ਯੂਨੀਵਰਸਿਟੀ ਹਾਸਪੀਟਲਜ਼ (Cambridge University Hospitals), ਇਸ ਟਰਾਇਲ ਦੇ ਸਮਾਪਤ ਹੋਣ ਤੋਂ [illegible]

**ਭਾਗ ਲੈਣ ਵਾਲੀਆਂ ਹੋਰ ਸਾਇਟਾਂ 'ਤੇ ਭਰਤੀ ਕੀਤੇ ਗਏ [illegible]ਆਂ ਲਈ:**

*(Add site name)* ਇਸ ਟਰਾਇਲ ਬਾਰੇ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਹਾਡਾ ਨਾਮ (ਐਨ ਐਚ ਐਸ (NHS) ਨੰਬਰ), ਅਤੇ ਸੰਪਰਕ ਵੇਰਵਿਆਂ ਨੂੰ ਰੱਖੇਣਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਤੁਹਾਡੀ ਦੇਖਭਾਲ ਅਤੇ ਟਰਾਇਲ ਦੀ ਗੁਣਵੱਤਤਾ ਦੀ ਨਿਗਰਾਨੀ ਲਈ ਟਰਾਇਲ ਦੇ ਬਾਰੇ ਮਹੱਤਵਪੂਰਨ ਜਾਣਕਾਰੀ ਰਿਕਾਰਡ ਕੀਤੀ ਜਾਂਦੀ ਹੈ। ਪ੍ਰਾਯੋਜਕ(ਕਾਂ) ਅਤੇ ਨਿਯਾਮਕ ਕਕਕਕ ਸੰਗਠਨਾਂ ਨਾਲ ਸਬੰਧਤ ਕੁਝ ਖਾਸ ਵਿਅਕਤੀ, ਇਸ ਟਰਾਇਲ ਦੀ ਸਟੀਕਤਾ ਦੀ ਜਾਂਚ ਲਈ ਤੁਹਾਡੇ ਚਿਕਿਤਸਕ ਅਤੇ ਖੋਜ ਸਬੰਧੀ ਰਿਕਾਰਡਾਂ ਨੂੰ ਦੇਖ ਸਕਦੇ ਹਨ। ਪ੍ਰਾਯੋਜਕ ਕੇਵਲ ਉਹ

*(Add site name)* [illegible] ਨੂੰ ਰੱਖੇਗੀ।

ਟਰਾਇਲ ਵਿਚ ਤੁਹਾਡੀ ਸ਼ਮੂਲੀਅਤ ਦੇ ਨਤੀਜਤਨ ਤੁਹਾਡੇ ਬਾਰੇ ਇਕੱਤਰ ਕੀਤੀ ਗਈ ਸਾਰੀ ਜਾਣਕਾਰੀ ਨੂੰ ਸਖਤੀ ਨਾਲ ਗੋਪਨੀਯ ਰੱਖਿਆ ਜਾਵੇਗਾ। ਤੁਹਾਡੀ ਵਿਅਕਤੀਗਤ ਅਤੇ ਮੈਡੀਕਲ ਜਾਣਕਾਰੀ ਨੂੰ ਇਕ ਸੁਰੱਖਿਅਤ ਫਾਇਲ ਵਿਚ ਰੱਖਿਆ ਜਾਵੇਗਾ ਅਤੇ ਸਖਤਾਈ ਨਾਲ ਗੋਪਨੀਯਤਾ ਨਾਲ ਸੰਭਾਲਿਆ ਜਾਵੇਗਾ।

ਇਕ ਵਾਰ ਜਦੋਂ ਤੁਸੀਂ ਇਸ ਟਰਾਇਲ ਵਿਚ ਭਾਗ ਲੈਣ ਲਈ ਸਹਿਮਤ ਹੋ ਜਾਂਦੇ ਹੋ, ਤੁਹਾਨੂੰ ਟਰਾਇਲ ਆਈ ਡੀ (ID) ਨੰਬਰ ਦਿੱਤਾ ਜਾਵੇਗਾ। ਇਹ ਇਕ ਵਿਲੱਖਣ ਨੰਬਰ ਹੁੰਦਾ ਹੈ ਜਿਸਨੂੰ ਤੁਹਾਡੀ ਜਨਮ ਤਾਰੀਖ ਨਾਲ ਤੁਹਾਡੇ ਟਰਾਇਲ ਦੇ ਸਾਰੇ ਦਸਤਾਵੇਜ਼ਾਂ ਉੱਤੇ ਵਰਤਿਆ ਜਾਵੇਗਾ। ਤੁਹਾਡੇ ਜਨਮ ਦੀ ਤਾਰੀਖ ਨੂੰ ਵਿਅਕਤੀਗਤ ਜਾਣਕਾਰੀ ਸਮਝਿਆ ਜਾਂਦਾ ਹੈ। ਉਹ ਡਾਟਾ ਜੋ ਟਰਾਇਲ ਵਿਚ ਤੁਹਾਡੀ ਸ਼ਮੂਲੀਅਤ ਦੇ ਹਿੱਸੇ ਵੱਜੋਂ ਇਕੱਤਰ ਕੀਤਾ ਜਾਂਦਾ ਹੈ ਉਹ ਸਹੀ ਤਰੀਕੇ ਨਾਲ ਤੁਹਾਡੇ ਨਾਲ ਜੋੜਿਆ ਜਾਂਦਾ ਹੈ, ਇਹ ਯਕੀਨੀ ਬਣਾਉਣ ਲਈ ਅਸੀਂ ਟਰਾਇਲ ਦੇ ਦਸਤਾਵੇਜ਼ਾਂ ਉੱਪਰ ਇਸ ਵਿਅਕਤੀਗਤ ਜਾਣਕਾਰੀ ਨੂੰ ਲਿਖਦੇ ਹਾਂ। ਇਨ੍ਹਾਂ ਦੋ ਵਿਲੱਖਣ ਹਵਾਲਿਆਂ ਦੀ ਦੁਪਾਸੀਂ ਜਾਂਚ ਕਰਕੇ ਅਸੀਂ ਡਾਟਾ ਦਾ ਸਹੀ ਹੋਣਾ ਯਕੀਨੀ ਬਣਾ ਸਕਦੇ ਹਾਂ।

ਉਹ ਲੋਕ ਜੋ ਜਾਣਕਾਰੀ ਦਾ ਵਿਸ਼ਲੇਸ਼ਣ ਕਰਦੇ ਹਨ ਉਹ ਤੁਹਾਨੂੰ ਪਛਾਣਨ ਦੇ ਸਮਰੱਥ ਨਹੀਂ ਹੋਣਗੇ ਅਤੇ ਉਹ ਤੁਹਾਡਾ ਨਾਮ, ਜਾਂ ਸੰਪਰਕ ਵੇਰਵਿਆਂ ਨੂੰ ਲੱਭਣ ਦੇ ਸਮਰੱਥ ਨਹੀਂ ਹੋਣਗੇ। ਟਰਾਇਲ ਦੀ ਸਮਾਪਤੀ 'ਤੇ ਬਿਨਾਂ ਕਿਸੇ ਵਿਅਕਤੀਗਤ ਜਾਣਕਾਰੀ ਦੇ ਕੇਵਲ ਬੇਨਾਮ ਟਰਾਇਲ ਡਾਟਾ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ।

ਜਦੋਂ ਤੁਸੀਂ ਇਸ ਟਰਾਇਲ ਵਿਚ ਭਾਗ ਲੈਣ ਲਈ ਸਹਿਮਤ ਹੁੰਦੇ ਹੋ, ਤਾਂ ਤੁਹਾਡੀ ਸਿਹਤ ਅਤੇ ਦੇਖਭਾਲ ਬਾਰੇ ਜਾਣਕਾਰੀ ਨੂੰ ਇਸ ਸੰਗਠਨ ਅਤੇ ਹੋਰ ਸੰਗਠਨਾਂ ਵਿਚ ਹੋਰ ਖੋਜ ਅਧਿਐਨਾਂ ਨੂੰ ਕਰਨ ਵਾਲੇ ਖੋਜਾਰਥੀਆਂ ਨੂੰ ਪ੍ਰਦਾਨ ਕੀਤੀ ਜਾ ਸਕਦੀ ਹੈ। ਇਹ ਸੰਗਠਨ, ਯੂਨੀਵਰਸਿਟੀਆਂ, ਐਨ ਐਚ ਐਸ (NHS) ਸੰਗਠਨ ਅਤੇ ਇਸ ਦੇਸ਼ ਜਾਂ ਵਿਦੇਸ਼ ਵਿਚ ਸਿਹਤ ਜਾਂ ਦੇਖਭਾਲ ਵਿਚ ਸ਼ਾਮਲ ਕੰਪਨੀਆਂ ਹੋ ਸਕਦੀਆਂ ਹਨ। ਤੁਹਾਡੇ ਕੋਡਬੱਧ ਕੀਤੇ ਟਰਾਇਲ ਡਾਟਾ ਨੂੰ ਵਿਸ਼ਲੇਸ਼ਣ ਦੇ ਲਈ ਯੂਰੋਪੀਅਨ ਇਕਨਾਮਿਕ ਏਰੀਆ (ਈ ਈ ਏ) (European Economic Area, EEA) ਤੋਂ ਬਾਹਰ ਹੋਰ ਦੇਸ਼(ਸ਼ਾਂ) ਵਿਚ ਭੇਜਿਆ ਜਾ ਸਕਦਾ ਹੈ ਜਿੱਥੇ ਡਾਟਾ ਸਰੱਖਿਆ ਦੇ ਕਾਨੂੰਨ ਸਮਾਨ ਨਹੀਂ ਹਨ। .
ਇਹ ਜਾਣਕਾਰੀ ਤੁਹਾਡੀ ਪਛਾਣ ਨਹੀਂ ਦੱਸੇਗੀ ਅਤੇ ਇਸਨੂੰ ਦੂਜੀ ਜਾਣਕਾਰੀ ਨਾਲ ਇਸ ਤਰ੍ਹਾਂ ਨਹੀਂ ਮਿਲਾਇਆ ਜਾਵੇਗਾ ਕਿ ਤੁਹਾਡੀ ਪਛਾਣ ਹੋ ਸਕੇ। ਇਸ ਜਾਣਕਾਰੀ ਨੂੰ ਕੇਵਲ ਸਿਹਤ ਅਤੇ ਦੇਖਭਾਲ ਸਬੰਧੀ ਖੋਜ ਦੇ ਮਕਸਦ ਲਈ ਵਰਤਿਆ ਜਾਵੇਗਾ, ਅਤੇ ਇਸਨੂੰ ਤੁਹਾਡੇ ਨਾਲ ਸੰਪਰਕ ਕਰਨ ਜਾਂ ਤੁਹਾਡੀ ਦੇਖਭਾਲ ਨੂੰ ਪ੍ਰਭਾਵਿਤ ਕਰਨ ਲਈ ਨਹੀਂ ਵਰਤਿਆ ਜਾਵੇਗਾ। ਇਸਨੂੰ ਤੁਹਾਨੂੰ ਭਵਿੱਖ ਵਿਚ ਉਪਲਬੱਧ ਹੋ ਸਕਣ ਵਾਲੀਆਂ ਸੇਵਾਵਾਂ ਜਿਵੇਂ ਕਿ ਬੀਮਾ ਆਦਿ ਦੇ ਬਾਰੇ ਨਿਰਣੇ ਲੈਣ ਲਈ ਨਹੀਂ ਵਰਤਿਆ ਜਾਵੇਗਾ। ਜੇ ਤੁਸੀਂ ਆਪਣੇ ਹਸਪਤਾਲ ਵਿਚ ਸਮਾਂਤਰ ਬਾਇਓਮਾਰਕਰ ਕੋਵਿਡ19 ਅਧਿਐਨ ਵਿਚ ਭਾਗ ਲਿਆ ਹੈ, ਤਾਂ ਅਸੀਂ, ਸਰੀਰ ਦੀ ਰੱਖਿਆ ਪ੍ਰਣਾਲੀ ਕੋਵਿਡ19 ਦਾ ਟਾਕਰਾ ਕਿਸ ਤਰ੍ਹਾਂ ਕਰਦੀ ਹੈ ਅਤੇ ਵੱਖ-ਵੱਖ ਇਲਾਜਾਂ ਲਈ ਪ੍ਰਤੀਕ੍ਰਿਆ ਕਿਵੇਂ ਕਰਦੀ ਹੈ, ਦੇ ਬਾਰੇ ਆਪਣੇ ਗਿਆਨ ਵਿਚ ਵਾਧਾ ਕਰਨ ਲਈ ਟੈਕਟਿਕ-ਆਰ (TACTIC-R) ਟਰਾਇਲ ਤੋਂ ਪ੍ਰਾਪਤ ਜਾਣਕਾਰੀ ਨੂੰ ਸਮਾਂਤਰ ਅਧਿਐਨ ਦੇ ਡਾਕਟਰਾਂ ਨਾਲ ਸਾਂਝਾ ਕਰਨ ਦੀ ਇੱਛਾ ਕਰ ਸਕਦੇ ਹਾਂ। ਤੁਹਾਡੇ ਸਾਰੇ ਵੇਰਵੇ ਬੇਨਾਮ ਹੋਣਗੇ
ਸਾਨੂੰ ਇਸ ਟਰਾਇਲ ਵਿਚ ਤੁਹਾਡੀ ਸ਼ਮੂਲੀਅਤ ਬਾਰੇ ਤੁਹਾਡੇ ਜੀ ਪੀ (GP) ਨੂੰ ਸੂਚਿਤ ਕਰਨਾ ਪਵੇਗਾ ਤਾਂ ਜੋ ਜੀ ਪੀ (GP) ਦੁਆਰਾ ਲਏ ਗਏ ਕਿਸੇ ਤਰ੍ਹਾਂ ਦੇ ਚਿਕਿਤਸਾ ਸਬੰਧੀ ਨਿਰਣੇ, ਤੁਹਾਡੇ ਦੁਆਰਾ ਇਸ ਟਰਾਇਲ ਦੇ ਹਿੱਸੇ ਵੱਜੋਂ ਪ੍ਰਾਪਤ ਕੀਤੇ ਜਾ ਰਹੇ ਇਲਾਜ ਨੂੰ ਧਿਆਨ ਵਿਚ ਰੱਖਦੇ ਹਨ। ਜੇ ਤੁਹਾਡੇ ਜੀ ਪੀ (GP) ਨੂੰ ਇਸ ਅਧਿਐਨ ਵਿਚ ਤੁਹਾਡੀ ਸ਼ਮੂਲੀਅਤ ਬਾਰੇ ਕਿਸੇ ਤਰ੍ਹਾਂ ਦੀਆਂ ਚਿੰਤਾਵਾਂ ਹੋਈਆਂ ਤਾਂ ਉਹ ਸਾਡੇ ਨਾਲ ਸੰਪਰਕ ਕਰ ਸਕਦਾ ਹੈ।

**17. ਮੇਰੇ ਨਮੂਨਿਆਂ ਦਾ ਕੀ ਕੀਤਾ ਜਾਵੇਗਾ?**

ਇਸ ਟਰਾਇਲ ਵਿਚ ਇਕੱਤਰ ਕੀਤੇ ਗਏ ਖੂਨ ਅਤੇ ਸੀਰਮ ਦੇ ਨਮੂਨਿਆਂ ਨੂੰ ਅਧਿਐਨ ਦੇ ਦੌਰਾਨ ਸਾਇਟ 'ਤੇ ਸੁਰੱਖਿਅਤ ਤਰੀਕੇ ਨਾਲ ਭੰਡਾਰਿਤ ਕੀਤਾ ਜਾਵੇਗਾ ਅਤੇ ਇਹ ਕੇਵਲ ਅਧਿਕ੍ਰਿਤ ਟਰਾਇਲ ਅਮਲੇ ਦੀ ਪਹੁੰਚ ਵਿਚ ਹੋਣਗੇ। ਬਾਅਦ ਵਿਚ ਇਨ੍ਹਾਂ ਨੂੰ ਬੈਚ ਦੇ ਅਨੁਸਾਰ ਸੋਧ ਅਤੇ ਵਿਸ਼ਲੇਸ਼ਣ ਲਈ ਕੈਂਬਰਿਜ ਵਿਚ ਕੇਂਦਰੀ ਲੈਬੋਰੇਟਰੀ ਵਿਖੇ ਭੇਜ ਦਿੱਤਾ ਜਾਵੇਗਾ। ਤੁਹਾਡੀ ਆਗਿਆ ਦੇ ਨਾਲ ਕਿਸੇ ਤਰ੍ਹਾਂ ਦੇ ਅਣਵਰਤੇ ਨਮੂਨਿਆਂ ਨੂੰ ਇਸ ਅਧਿਐਨ ਨਾਲ ਸਬੰਧਤ ਭਵਿੱਖ ਦੇ ਟੈਸਟਾਂ ਅਤੇ ਭਵਿੱਖ ਦੇ ਸਵੀਕ੍ਰਿਤੀ ਦਿੱਤੇ ਖੋਜ ਪ੍ਰੋਜੈਕਟਾਂ ਦੇ ਲਈ ਸਟੋਰ ਕੀਤਾ ਜਾਵੇਗਾ।

**18. ਅਣੂਵਾਂਸ਼ਿਕ ਟੈਸਟ**

ਅਧਿਐਨ ਦੇ ਹਿੱਸੇ ਵੱਜੋਂ, ਅਸੀਂ ਤੁਹਾਡੇ ਨਮੂਨੇ ਵਿਚੋਂ ਡੀ ਐਨ ਏ (DNA) ਨਿਖੇੜ ਸਕਦੇ ਹਾਂ। ਡੀ ਐਨ ਏ (DNA) ਉਹ ਰਸਾਇਣ ਹੁੰਦਾ ਹੈ ਜੋ ਜੀਨਜ਼ ਨੂੰ ਬਣਾਉਂਦਾ ਹੈ, ਉਨ੍ਹਾਂ ਕਾਰਕਾਂ ਨੂੰ ਪ੍ਰਭਾਵਿਤ ਕਰਦਾ ਹੈ ਜਿਨ੍ਹਾਂ ਨੂੰ ਅਸੀਂ ਵਿਰਾਸਤ ਵਿਚ ਲੈਂਦੇ ਹਾਂ ਅਤੇ ਜੋ ਸਾਡੀਆਂ ਵਿਸ਼ੇਸ਼ਤਾਵਾਂ ਨੂੰ ਨਿਰਧਾਰਤ ਕਰਦੇ ਹਨ। ਅਸੀਂ ਤੁਹਾਡੇ ਖੂਨ ਦੇ ਹੋਰ ਹਿੱਸਿਆਂ ਨੂੰ ਵੀ ਅਲੱਗ ਕਰਾਂਗੇ ਅਤੇ ਟੈਸਟ ਕਰਾਂਗੇ ਜਿਵੇਂ ਕਿ ਆਰ ਐਨ ਏ (RNA) ਅਤੇ ਪ੍ਰੋਟੀਨ ਅਤੇ ਖੂਨ ਵਿਚਲੇ ਰਸਾਇਣਾਂ ਨੂੰ ਮਾਪ ਸਕਦੇ ਹਾਂ। ਅਸੀਂ ਆਸ ਕਰਦੇ ਹਾਂ ਕਿ ਇਸ ਤਰ੍ਹਾਂ ਰੂਪ ਰੇਖਾ ਤਿਆਰ ਕਰਨਾ ਸਾਨੂੰ ਕੋਵਿਡ-19 ਨੂੰ ਵਧੀਆ ਤਰੀਕੇ ਨਾਲ ਸਮਝਣ ਵਿਚ ਮਦਦ ਕਰੇਗਾ। ਕਿਉਂਕਿ ਇਹ ਖੋਜ ਸ਼ੁਰੂਆਤੀ ਦੌਰ ਵਿਚ ਹੈ, ਤੁਸੀਂ ਤੁਹਾਡੇ ਡੀ ਐਨ ਏ (DNA) ਵਿਚ ਪਛਾਣੇ ਗਏ ਕਿਸੇ ਤਰ੍ਹਾਂ ਦੇ [illegible] ਦੇ ਬਾਰੇ ਕਿਸੇ ਤਰ੍ਹਾਂ ਦਾ ਫੀਡਬੈਕ ਪ੍ਰਾਪਤ ਨਹੀਂ ਕਰੋਗੇ।

**19. ਟਰਾਇਲ ਦੇ ਨਤੀਜਿਆਂ ਦਾ ਕੀ ਕੀਤਾ ਜਾਵੇਗਾ?**

ਟਰਾਇਲ ਦੇ ਨਤੀਜੇ ਬੇਨਾਮ ਰਹਿਣਗੇ ਅਤੇ ਪੈਦਾ ਕੀਤੇ ਗਏ ਕਿਸੇ ਤਰ੍ਹਾਂ ਦੇ ਡਾਟਾ ਤੋਂ ਤੁਹਾਡੀ ਪਛਾਣ ਨਹੀਂ ਹੋ ਸਕੇਗੀ। ਜਦੋਂ ਇਸ ਟਰਾਇਲ ਦੇ ਨਤੀਜੇ ਉਪਲਬੱਧ ਹੁੰਦੇ ਹਨ, ਇਨ੍ਹਾਂ ਨੂੰ ਪੀਅਰ ਦੁਆਰਾ ਸਮੀਖਿਆ ਕੀਤੇ ਗਏ ਮੈਡੀਕਲ ਜਰਨਲਾਂ ਵਿਚ ਪ੍ਰਕਾਸ਼ਿਤ ਕੀਤਾ ਜਾ ਸਕਦਾ ਹੈ ਅਤੇ ਮੈਡੀਕਲ ਖੇਤਰ ਨਾਲ ਸਬੰਧਤ ਪ੍ਰਸਤੁਤੀਆਂ ਅਤੇ ਕਾਨਫਰੰਸਾਂ ਲਈ ਵਰਤਿਆ ਜਾ ਸਕਦਾ ਹੈ। ਇਨ੍ਹਾਂ ਨੂੰ ਈ ਯੂ ਕਲੀਨਿਕਲ ਟਰਾਇਲਜ਼ ਰਜਿਸਟਰ (EU Clinical Trials Register) ਵੈਬਸਾਇਟ, ਜੋ ਕਿ ਈ ਯੂ (EU) ਵਿਚ ਕੀਤੇ ਗਏ ਸਾਰੇ ਕਲੀਨਿਕਲ ਟਰਾਇਲਾਂ ਦੀ ਕੇਂਦਰੀ ਰਜਿਸਟਰੀ ਹੈ, ਉੱਪਰ ਵੀ ਪ੍ਰਕਾਸ਼ਿਤ ਕੀਤਾ ਜਾਵੇਗਾ।
ਟਰਾਇਲ ਤੋਂ ਪ੍ਰਾਪਤ ਬੇਨਾਮ ਡਾਟਾਸੈੱਟਾਂ ਨੂੰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਡਾਟਾ ਪਾਰਦਰਸ਼ਿਤਾ ਦੇ ਉੱਦਮਾਂ ਦੇ ਅਨੁਸਾਰ ਹੋਰ ਖੋਜਾਰਥੀਆਂ ਨੂੰ ਵੀ ਉਪਲਬੱਧ ਕਰਵਾਇਆ ਜਾ ਸਕਦਾ ਹੈ।

ਜੇ ਤੁਸੀਂ ਪ੍ਰਕਾਸ਼ਿਤ ਨਤੀਜਿਆਂ ਦੀ ਇਕ ਕਾਪੀ ਪ੍ਰਾਪਤ ਕਰਨੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਟਰਾਇਲ ਡਾਕਟਰ ਨਾਲ ਸਿੱਧਾ ਸੰਪਰਕ ਕਰੋ, ਉਹ ਤੁਹਾਡੇ ਲਈ ਇਸਦਾ ਪ੍ਰਬੰਧ ਕਰਨ ਦੇ ਸਮਰੱਥ ਹੋਣਗੇ।

**20. ਟਰਾਇਲ ਦੇ ਲਈ ਵਿੱਤ ਕੌਣ ਦੇ ਰਿਹਾ ਹੈ?**

ਟਰਾਇਲ ਨੂੰ ਇਲਾਇ ਲਿਲੀ (Eli Lilly) ਅਤੇ ਕੰਪਨੀ ਯੂ ਕੇ ਲਿਮ. (Company UK Ltd) ਅਤੇ ਅਲੈਕਸ਼ਨ ਫਾਰਮਾ ਯੂ ਕੇ ਲਿਮ. (Alexion Pharma UK Ltd) ਦੁਆਰਾ ਫੰਡ ਦਿੱਤਾ ਜਾ ਰਿਹਾ ਹੈ।

**21. ਇਸ ਟਰਾਇਲ ਦੀ ਸਮੀਖਿਆ ਕਿਸਨੇ ਕੀਤੀ ਹੈ?**

ਐਨ ਐਚ ਐਸ (NHS) ਦੇ ਅਧੀਨ ਦੀ ਸਾਰੀ ਖੋਜ ਦੀ ਸਮੀਖਿਆ ਲੋਕਾਂ ਦੇ ਇਕ ਆਜ਼ਾਦਾਨਾ ਸਮੂਹ ਜਿਸਨੂੰ ਰਿਸਰਚ ਐਥਿਕਸ ਕਮੇਟੀ (Research Ethics Committee) ਕਹਿੰਦੇ ਹਨ, ਦੁਆਰਾ ਕੀਤੀ ਜਾਂਦੀ ਹੈ। ਇਸ ਟਰਾਇਲ ਦੀ (name of REC here) ਦੁਆਰਾ ਸਮੀਖਿਆ ਕੀਤੀ ਗਈ ਹੈ ਅਤੇ ਹਾਂ-ਪੱਖੀ ਰਾਏ ਦਿੱਤੀ ਗਈ ਹੈ। ਮੈਡੀਸਿਨਜ਼ ਐਂਡ ਹੈਲਥਕੇਅਰ ਪ੍ਰੋਡਕਟਸ ਰੈਗੂਲੇਟਰੀ ਏਜੰਸੀ (ਐਮ ਐਚ ਆਰ ਏ) (Medicines and Healthcare Products Regulatory Agency, MHRA) ਜੋ ਕਿ ਯੂ ਕੇ ਯੂ ਕੇ (UK) ਵਿਚ ਦਵਾਈਆਂ ਨੂੰ ਰੈਗੂਲੇਟ ਕਰਨ ਲਈ ਜ਼ਿੰਮੇਵਾਰ ਹਨ, ਨੇ ਵੀ ਇਸ ਟਰਾਇਲ ਦੀ ਸਮੀਖਿਆ ਕੀਤੀ ਹੈ।

**22. ਹੋਰ ਜਾਣਕਾਰੀ ਅਤੇ ਸੰਪਰਕ ਵੇਰਵੇ**

ਜੇ ਤੁਹਾਡੇ ਕੋਲ ਕਿਸੇ ਤਰ੍ਹਾਂ ਦੇ ਪ੍ਰਸ਼ਨ ਹਨ ਜਾਂ ਜੇ ਤੁਹਾਨੂੰ ਟਰਾਇਲ ਦੇ ਬਾਰੇ ਹੋਰ ਜਾਣਕਾਰੀ ਚਾਹੀਦੀ ਹੈ, ਤਾਂ ਸੰਪਰਕ ਕਰਨ ਲਈ ਕਿਰਪਾ ਕਰਕੇ ਨਿਝਿਜਕ ਰਹੋ:

*ਅਧਿਐਨ ਡਾਕਟਰ ਦਾ ਨਾਮ: ਟੈਲੀਫ਼ੋਨ:* **************** *ਈਮੇਲ:* ****************

*ਅਧਿਐਨ ਨਰਸ/ ਸੰਯੋਜਕ ਦਾ ਨਾਮ: ਟੈਲੀਫ਼ੋਨ:* **************** *ਈਮੇਲ:* *******************

***ਆਪਾਤਕਾਲ ਦੇ ਸਮੇਂ ਕਿਰਪਾ ਕਰਕੇ ਸੰਪਰਕ ਕਰੋ:***

*ਇੱਥੇ 24 ਘੰਟੇ ਲਈ ਉਪਲੱਬਧ ਆਪਾਤਕਾਲੀਨ ਸੰਪਰਕ ਵੇਰਵੇ ਸੂਚੀਬੱਧ ਕਰੋ - ਇਹ ਵੇਰਵੇ ਮਰੀਜ਼ ਦੇ ਆਈ ਡੀ (ID) ਕਾਰਡ ਉੱਪਰ ਪ੍ਰਦਾਨ ਕੀਤੀ ਜਾਣਕਾਰੀ ਨਾਲ ਮੇਲ ਖਾਣੇ ਚਾਹੀਦੇ ਹਨ ਅਤੇ ਇਨ੍ਹਾਂ ਨੂੰ ਟਰਾਇਲ ਦੇ ਕੰਮਕਾਰੀ ਘੰਟਿਆਂ ਤੋਂ ਬਾਹਰ ਵਾਲੇ ਸਮਿਆਂ ਵਿਚ ਕੀਤੀਆਂ ਜਾਣ ਵਾਲੀ ਪ੍ਰਕ੍ਰਿਆ ਲਈ ਵਰਤਿਆ ਜਾਵੇਗਾ।*

NHS
Cambridge University Hospitals
NHS Foundation Trust

## ਸੂਚਿਤ ਸਹਿਮਤੀ ਫਾਰਮ

**ਟਰਾਇਲ ਦਾ ਸਿਰਲੇਖ: ਕੋਵਿਡ-19 ਨਾਲ ਭਰਤੀ ਪ੍ਰੀ-ਆਈ ਸੀ ਯੂ (Pre-Icu) ਮਰੀਜ਼ਾਂ ਵਿਚ ਵਿਚ ਬਹੁ-ਵਿਕਲਪਕ ਚਿਕਿਤਸਕ ਅਧਿਐਨ- ਵੱਖਰੇ ਮਕਸਦ ਲਈ ਅਨੁਕੂਲਿਤ ਦਵਾਈਆਂ ਟੈਕਟਿਕ-ਆਰ (TACTIC-R)**

**ਮੁੱਖ ਨਿਰੀਖਕ:** **ਪ੍ਰਤੀਭਾਗੀ ਨੰਬਰ:** ____________________

ਜੇ ਤੁਸੀਂ ਹੇਠਾਂ ਦਿੱਤੇ ਹਰੇਕ ਵਾਕ ਨਾਲ ਸਹਿਮਤ ਹੋ, ਤਾਂ ਕਿਰਪਾ ਕਰਕੇ ਬਕਸੇ ਵਿਚ ਸੰਖੇਪ ਦਸਤਖਤ ਕਰੋ
**ਸੰਖੇਪ ਦਸਤਖਤ**

| | | |
|---|---|---|
| 1 | ਮੈਂ ਉਪਰੋਕਤ ਟਰਾਇਲ ਦੇ ਲਈ ਪ੍ਰਤੀਭਾਗੀ ਜਾਣਕਾਰੀ ਸ਼ੀਟ ਸੰਸਕਰਣ 1.2 ਤਾਰੀਖਬੱਧ 04/05/2020 ਨੂੰ ਪੜ੍ਹ ਅਤੇ ਸਮਝ ਲਿਆ ਹੈ ਅਤੇ ਮੈਂ ਪੁਸ਼ਟੀ ਕਰਦਾ/ਦੀ ਹਾਂ ਕਿ ਟਰਾਇਲ ਦੀਆਂ ਪ੍ਰਕ੍ਰਿਆਵਾਂ ਅਤੇ ਜਾਣਕਾਰੀ ਬਾਰੇ ਮੈਨੂੰ ਵਰਣਨ ਕਰ ਦਿੱਤਾ ਗਿਆ ਹੈ। ਮੈਂ ਪ੍ਰਸ਼ਨ ਪੁੱਛਣ ਦੇ ਮੌਕੇ ਮਿਲੇ ਹਨ ਅਤੇ ਮੈਂ ਦਿੱਤੇ ਗਏ ਉੱਤਰਾਂ ਅਤੇ ਵਰਣਨਾਂ ਤੋਂ ਸੰਤੁਸ਼ਟ ਹਾਂ। | |
| 2 | ਮੈਂ ਸਮਝਦਾ/ਦੀ ਹਾਂ ਕਿ ਇਸ ਟਰਾਇਲ ਵਿਚ ਮੇਰੀ ਸ਼ਮੂਲੀਅਤ ਇੱਛੁਕ ਹੈ ਅਤੇ ਇਹ ਕਿ ਮੈਂ ਬਿਨਾਂ ਕੋਈ ਕਾਰਨ ਦੱਸਿਆਂ ਅਤੇ ਮੇਰੀ ਚਿਕਿਤਸਕ ਦੇਖਭਾਲ ਜਾਂ ਕਾਨੂੰਨੀ ਅਧਿਕਾਰਾਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਕਿਸੇ ਵੀ ਸਮੇਂ ਇਸ ਵਿਚੋਂ ਹੱਟਣ ਲਈ ਸੁਤੰਤਰ ਹਾਂ। | |
| 3 | ਮੈਂ ਸਮਝਦਾ ਹਾਂ ਕਿ ਮੇਰੇ ਬਾਰੇ ਵਿਅਕਤੀਗਤ ਡਾਟਾ ਨੂੰ ਇਕੱਤਰ ਕੀਤਾ ਜਾਵੇਗਾ ਅਤੇ ਇਸ ਜਾਣਕਾਰੀ ਸ਼ੀਟ ਦੇ ਅਨੁਸਾਰ ਵਰਤਿਆ ਜਾਵੇਗਾ। ਇਸ ਜਾਣਕਾਰੀ ਨੂੰ ਸਖਤ ਗੋਪਨੀਯਤਾ ਨਾਲ ਰੱਖਿਆ ਜਾਵੇਗਾ ਅਤੇ ਮੇਰੇ ਵਿਅਕਤੀਗਤ ਡਾਟਾ ਵਿਚੋਂ ਕੁਝ ਵੀ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ। | |
| 4 | ਮੈਂ ਸਮਝਦਾ/ਦੀ ਹਾਂ ਕਿ ਮੇਰੇ ਜੀ ਪੀ (GP) ਨੂੰ ਇਸ ਟਰਾਇਲ ਵਿਚ ਮੇਰੀ ਸ਼ਮੂਲੀਅਤ ਬਾਰੇ ਸੂਚਿਤ ਕੀਤਾ ਜਾਵੇਗਾ ਅਤੇ ਉਸਨੂੰ ਟੈਕਟਿਕ-ਆਰ (TACTIC-R) ਟਰਾਇਲ ਦੇ ਵੇਰਵੇ ਭੇਜੇ ਜਾਣਗੇ। | |
| 5 | ਮੈਂ ਸਮਝਦਾ/ਦੀ ਹਾਂ ਕਿ ਕੇਂਦਰੀ ਯੂ ਕੇ ਐਨ ਐਚ ਐਸ (UK NHS) ਅਦਾਰਿਆਂ ਦੁਆਰਾ ਰੱਖੀ ਅਤੇ ਸੰਭਾਲੀ ਗਈ ਜਾਣਕਾਰੀ ਨੂੰ ਇਸ ਟਰਾਇਲ ਦੇ ਹਿੱਸੇ ਵਜੋਂ ਮੇਰੇ ਨਾਲ ਸੰਪਰਕ ਕਰਨ ਜਾਂ ਮੇਰੀ ਸਿਹਤ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਿਚ ਮਦਦ ਲਈ ਵਰਤਿਆ ਜਾ ਸਕਦਾ ਹੈ। | |
| 6 | ਮੈਂ ਸਮਝਦਾ/ਦੀ ਹਾਂ ਕਿ ਮੇਰੇ ਵਿਅਕਤੀਗਤ ਡਾਟਾ ਨੂੰ, ਇਸ ਟਰਾਇਲ ਵਿਚ ਮੇਰੀ ਸ਼ਮੂਲੀਅਤ ਦੇ ਸਬੰਧ ਵਿਚ ਵੱਖ-ਵੱਖ ਟਰਾਇਲ ਸਾਇਟਾਂ 'ਤੇ ਮੌਜੂਦ ਟਰਾਇਲ ਟੀਮਾਂ ਦੇ ਵਿਚਕਾਰ ਹਸਤਾਂਤਰਤ ਕੀਤਾ ਜਾ ਸਕਦਾ ਹੈ। ਮੈਂ ਸਮਝਦਾ/ਦੀ ਹਾਂ ਕਿ ਕਿਸੇ ਤਰ੍ਹਾਂ ਦਾ ਵਿਅਕਤੀਗਤ ਡਾਟਾ (ਸੁਰੱਖਿਅਤ/ਐਨਕ੍ਰਿਪਟਡ ਮੇਲ ਸਰਵਰ ਆਦਿ) ਦੀ ਵਰਤੋਂ ਕਰਕੇ ਭੇਜਿਆ ਜਾਵੇਗਾ। | |
| 7 | ਮੈਂ ਸਮਝਦਾ/ਦੀ ਹਾਂ ਕਿ ਹੋ ਸਕਦਾ ਹੈ ਕਿ ਮੈਂ, ਇਸ ਟਰਾਇਲ ਦੇ ਹਿੱਸੇ ਵੱਜੋਂ ਮੇਰੇ ਦੁਆਰਾ ਕਰਵਾਏ ਗਏ ਕੋਵਿਡ-19 ਦੇ ਟੈਸਟ/ਟੈਸਟਾਂ ਦੇ ਨਤੀਜਿਆਂ ਨੂੰ ਪ੍ਰਾਪਤ ਨਾ ਕਰਾਂ। | |
| 8 | ਮੈਂ ਸਮਝਦਾ/ਦੀ ਹਾਂ ਕਿ ਇਸ ਟਰਾਇਲ ਦੇ ਇੰਚਾਰਜ ਡਾਕਟਰ ਕਿਸੇ ਵੀ ਸਮੇਂ ਇਸ ਟਰਾਇਲ ਨੂੰ ਬੰਦ ਕਰ ਸਕਦੇ ਹਨ, ਜਾਂ ਮੇਰੀ ਸਹਿਮਤੀ ਦੇ ਬਿਨਾਂ ਕਿਸੇ ਵੀ ਸਮੇਂ ਮੇਰੀ ਸ਼ਮੂਲੀਅਤ ਰੋਕ ਸਕਦੇ ਹਨ। | |
| 9 | ਮੈਂ ਇਸ ਅਧਿਐਨ ਦੇ ਨਾਲ ਸਬੰਧਤ ਖੋਜ ਲਈ ਖੂਨ ਦੇ ਨਮੂਨੇ ਪ੍ਰਦਾਨ ਕਰਨ ਲਈ ਸਹਿਮਤ ਹੁੰਦਾ/ਦੀ ਹਾਂ, ਇਨ੍ਹਾਂ ਨਮੂਨਿਆਂ ਨੂੰ 5 ਸਾਲ ਤੱਕ ਸਟੋਰ ਕਰਕੇ ਰੱਖਿਆ ਜਾ ਸਕਦਾ ਹੈ। ਮੈਂ ਸਮਝਦਾ/ਦੀ ਹਾਂ ਕਿ ਮੇਰੇ ਨਮੂਨਿਆਂ ਨੂੰ ਭਵਿੱਖ ਦੇ ਵਿਸ਼ਲੇਸ਼ਣ ਲਈ ਇਕ ਕੇਂਦਰੀ ਸਥਾਨ 'ਤੇ ਹਸਤਾਂਤਰਤ ਕੀਤਾ ਜਾ ਸਕਦਾ ਹੈ। | |
| 10 | ਮੈਂ ਸਹਿਮਤ ਹਾਂ ਕਿ ਮੇਰੇ ਦੁਆਰਾ ਦਾਨ ਕੀਤੇ ਗਏ ਖੂਨ ਦੇ ਨਮੂਨੇ ਵਿਚੋਂ ਡੀ ਐਨ ਏ (DNA) ਨੂੰ ਅਲੱਗ ਕੀਤਾ ਜਾਵੇਗਾ ਅਤੇ ਉੱਨਤ ਲੈਬੋਰੇਟਰੀ ਤਕਨੀਕਾਂ ਦੀ ਵਰਤੋਂ ਦੇ ਰਾਹੀਂ ਇਸਦਾ ਵਿਸ਼ਲੇਸ਼ਣ ਕੀਤਾ ਜਾਵੇਗਾ। | |

**ਵਿਕਲਪਕ:**

| | | ਹਾਂ | ਨਹੀਂ |
|---|---|---|---|
| 11 | ਮੈਂ ਭਵਿੱਖ ਦੇ ਟਰਾਇਲਾਂ ਜਾਂ ਇਸ ਟਰਾਇਲ ਦੇ ਵਿਸਤਾਰਾਂ ਬਾਰੇ ਭਵਿੱਖ ਵਿਚ ਸੰਪਰਕ ਕੀਤੇ ਜਾਣ ਲਈ ਸਹਿਮਤ ਹਾਂ। | | |
| 12 | ਮੈਂ ਮੇਰੀ ਜਾਣਕਾਰੀ ਨੂੰ ਹੋਰ ਅਧਿਐਨ ਟੀਮਾਂ, ਜਿੱਥੇ ਕਿ ਮੈਂ ਕੋਵਿਡ19 ਬਾਇਓਮਾਰਕਰ ਅਧਿਐਨ ਲਈ ਸ਼ਾਮਲ ਰਿਹਾ/ਰਹੀ ਹਾਂ, ਦੇ ਨਾਲ ਵਟਾਂਦਰਾ ਕੀਤੇ ਜਾਣ ਲਈ ਸਹਿਮਤ ਹਾਂ। | | |

## ਕੇਵਲ ਬੱਚੇ ਜੰਮਣ ਲਈ ਸਮਰੱਥ ਔਰਤਾਂ ਲਈ

| | | ਹਾਂ | ਨਹੀਂ |
|---|---|---|---|
| 13 | ਜੇ ਮੇਰੇ ਦੁਆਰਾ ਡਰੱਗਜ਼ ਪ੍ਰਾਪਤ ਕਰਨ ਦੇ ਦੌਰਾਨ ਜਾਂ 8 ਮਹੀਨਿਆਂ ਬਾਅਦ ਮੈਂ ਗਰਭਵਤੀ ਹੋ ਜਾਂਦੀ ਹਾਂ, ਮੈਂ ਮੇਰੇ ਬਾਰੇ, ਮੇਰੀ ਗਰਭਅਵਸਥਾ ਅਤੇ ਮੇਰੇ ਬੱਚੇ ਬਾਰੇ ਜਾਣਕਾਰੀ ਇਕੱਤਰ ਕੀਤੇ ਜਾਣ ਨੂੰ ਸਹਿਮਤੀ ਦਿੰਦੀ ਹਾਂ। | | |
| 14 | ਮੈਂ ਸਮਝਦਾ/ਦੀ ਹਾਂ ਕਿ ਮੇਰੇ ਮੈਡੀਕਲ ਨੋਟਸ ਜਾਂ ਮੇਰੀ ਗਰਭਅਵਸਥਾ ਨਾਲ ਸਿੱਧੇ ਤੌਰ 'ਤੇ ਜੁੜੀ ਜਾਣਕਾਰੀ ਦੇ ਭਾਗਾਂ ਨੂੰ ਪ੍ਰਾਯੋਜਕ, ਨਿਯਾਮਕ ਅਥਾਰਟੀਆਂ ਦੇ ਜ਼ਿੰਮੇਵਾਰ ਵਿਅਕਤੀਆਂ ਅਤੇ ਖੋਜ ਕਰਮਚਾਰੀਆਂ ਦੁਆਰਾ ਦੇਖਿਆ ਜਾ ਸਕਦਾ ਹੈ ਜਿੱਥੇ ਅਜਿਹਾ ਕਰਨਾ ਮੇਰੇ ਭਾਗ ਲੈਣ ਲਈ ਮਹੱਤਵਪੂਰਨ ਹੁੰਦਾ ਹੈ। ਮੈਂ ਇਨ੍ਹਾਂ ਵਿਅਕਤੀਆਂ ਨੂੰ ਮੇਰੇ ਰਿਕਾਰਡਾਂ ਤੱਕ ਪਹੁੰਚ ਕਰਨ ਦੀ ਆਗਿਆ ਦਿੰਦਾ/ਦੀ ਹਾਂ। | | |
| 15 | ਮੈਂ, ਮੇਰੀ ਗਰਭਅਵਸਥਾ ਬਾਰੇ ਜਾਣਕਾਰੀ ਨੂੰ ਸਵੈ ਇੱਛਾ ਨਾਲ ਦੇਣ ਲਈ ਸਹਿਮਤ ਹਾਂ ਅਤੇ ਸਮਝਦੀ ਹਾਂ ਕਿ ਮੈਂ ਬਿਨਾਂ ਕਾਰਨ ਦੱਸਿਆਂ ਅਤੇ ਮੇਰੀ ਚਿਕਿਤਸਕ ਦੇਖਭਾਲ ਜਾਂ ਕਾਨੂੰਨੀ ਅਧਿਕਾਰਾਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਕਿਸੇ ਵੀ ਸਮੇਂ ਇਸ ਵਿਚੋਂ ਹੱਟਣ ਲਈ ਸੁਤੰਤਰ ਹਾਂ। ਮੈਂ ਸਮਝਦਾ/ਦੀ ਹਾਂ ਕਿ ਸਹਿਮਤੀ ਵਾਪਸ ਲੈਣ ਤੱਕ ਇਕੱਤਰ ਕੀਤਾ ਗਿਆ ਸਾਰਾ ਡਾਟਾ ਗੁਪਨੀਯ ਰੱਖਿਆ ਜਾਵੇਗਾ। | | |

## ਮੈਂ ਇਸ ਟਰਾਇਲ ਵਿਚ ਭਾਗ ਲੈਣ ਲਈ ਸਹਿਮਤ ਹੁੰਦਾ/ਦੀ ਹਾਂ:

________________ ________________________ __________

ਮਰੀਜ਼ ਦਾ ਨਾਮ ਦਸਤਖਤ ਤਾਰੀਖ

________________ ________________________ __________

ਸਹਿਮਤੀ ਲੈਣ ਵਾਲੇ ਵਿਅਕਤੀ ਦਾ ਨਾਮ ਦਸਤਖਤ ਤਾਰੀਖ

ਸਹਿਮਤੀ ਦਾ ਸਮਾਂ (24 ਘੰਟੇ ਵਾਲੀ ਘੜੀ ਅਨੁਸਾਰ)___:_________

1 ਕਾਪੀ ਮਰੀਜ਼ ਲਈ, 1 ਕਾਪੀ ਟਰਾਇਲ ਟੀਮ ਲਈ, 1 ਕਾਪੀ ਹਸਪਤਾਲ ਦੇ ਨੋਟਸ ਵਿਚ ਰੱਖੀ ਜਾਵੇ

## ਸੂਚਿਤ ਸਹਿਮਤੀ ਫਾਰਮ

**ਟਰਾਇਲ ਦਾ ਸਿਰਲੇਖ: ਕੋਵਿਡ-19 ਨਾਲ ਭਰਤੀ ਪ੍ਰੀ-ਆਈ ਸੀ ਯੂ (Pre-Icu) ਮਰੀਜ਼ਾਂ ਵਿਚ ਵਿਚ ਬਹੁ- ਵਿਕਲਪਕ ਚਿਕਿਤਸਕ ਅਧਿਐਨ-ਵੱਖਰੇ ਮਕਸਦ ਲਈ ਅਨੁਕੂਲਿਤ ਦਵਾਈਆਂ ਟੈਕਟਿਕ-ਆਰ (TACTIC-R)**

**ਮੁੱਖ ਨਿਰੀਖਕ:** **ਪ੍ਰਤੀਭਾਗੀ ਨੰਬਰ:** __________________

**ਜੇ ਪ੍ਰਤੀਭਾਗੀ ਟੈਕਸਟ ਨੂੰ ਪੜ੍ਹਨ ਦੇ ਸਮਰੱਥ ਨਹੀਂ ਹੈ ਅਤੇ/ਜਾਂ ਖੁਦ ਲਈ ਦਸਤਖਤ ਨਹੀਂ ਕਰ ਸਕਦਾ ਪਰ ਉਸ ਕੋਲ ਸਹਿਮਤੀ ਦੇਣ ਦੀ ਸਮਰੱਥਾ ਹੈ**

ਮੈਂ ਸੰਭਾਵਿਤ ਪ੍ਰਤੀਭਾਗੀ ਕੋਲ ਸਹਿਮਤੀ ਫਾਰਮ ਦੀ ਸਹੀ ਪੜ੍ਹਤ ਨੂੰ ਦੇਖਿਆ ਹੈ, ਉਹ ਕਿਸੇ ਤਰ੍ਹਾਂ ਦੇ ਪ੍ਰਸ਼ਨ ਪੁੱਛ ਸਕਿਆ/ਸਕੀ ਸੀ ਅਤੇ ਉਸਨੂੰ ਸੰਤੋਸ਼ਜਨਕ ਉੱਤਰ ਮਿਲੇ। ਮੈਂ ਪੁਸ਼ਟੀ ਕਰਦਾ/ਦੀ ਹਾਂ ਕਿ ਉਨ੍ਹਾਂ ਨੇ ਸੁਤੰਤਰਤਾ ਨਾਲ ਸਹਿਮਤੀ ਦੇ ਦਿੱਤੀ ਹੈ।

…………………………………………… …………………………………… ……../……../……..… ਗਵਾਹ ਦਾ

ਪੂਰਾ ਨਾਮ ਦਸਤਖਤ ਦਸਤਖਤ ਤਾਰੀਖ

…………………………………………… …………………………………… ……../……../………… ਸਹਿਮਤੀ

ਲੈਣ ਵਾਲੇ ਵਿਅਕਤੀ ਦਾ ਨਾਮ ਦਸਤਖਤ ਦਸਤਖਤ ਤਾਰੀਖ

**ਜੇ ਪ੍ਰਤੀਭਾਗੀ ਕੋਲ ਉਨ੍ਹਾਂ ਦੀ ਚਿਕਿਤਸਕ ਹਾਲਤ ਦੀ ਗੰਭੀਰਤਾ (ਉਦਾ. ਸਾਹ ਪ੍ਰਣਾਲੀ ਦੀ ਗੰਭੀਰ ਅਸਫ਼ਲਤਾ ਜਾਂ ਵੈਂਟੀਲੇਸ਼ਨ ਦੀ ਤੁਰੰਤ ਜ਼ਰੂਰਤ) ਦੇ ਕਾਰਨ ਸਹਿਮਤੀ ਦੇਣ ਦੀ ਸਮਰੱਥਾ ਦੀ ਘਾਟ ਹੈ:**

ਮੈਂ ਜਾਣਕਾਰੀ ਨੂੰ ਪੜ੍ਹ ਲਿਆ ਹੈ (ਜਾਂ ਮੈਨੂੰ ਇਹ ਪੜ੍ਹ ਕੇ ਸੁਣਾ ਦਿੱਤੀ ਗਈ ਹੈ) ਅਤੇ ਮੈਨੂੰ ਪ੍ਰਸ਼ਨ ਪੁੱਛਣ ਦਾ ਮੌਕਾ ਮਿਲਿਆ ਹੈ। ਮੈਂ ਸਮਝਦਾ/ਦੀ ਹਾਂ ਕਿ ਜਿਵੇਂ ਹੀ ਮਰੀਜ਼ ਕੋਲ ਸਹਿਮਤੀ ਦੇਣ ਦੀ ਸਮਰੱਥਾ ਆਉਂਦੀ ਹੈ ਉਨ੍ਹਾਂ ਨੂੰ ਆਪਣੀ ਸਹਿਮਤੀ ਦੀ ਪੁਸ਼ਟੀ ਕਰਨ ਲਈ ਕਿਹਾ ਜਾਵੇਗਾ ਅਤੇ ਇਹ ਕਿ ਜੇ ਉਹ ਇੱਛਾ ਕਰਦੇ ਹਨ, ਤਾਂ ਉਹ ਆਪਣੀ ਚਿਕਿਤਸਕ ਦੇਖਭਾਲ ਨੂੰ ਪ੍ਰਭਾਵਿਤ ਕੀਤੇ ਬਿਨਾਂ ਅਧਿਐਨ ਤੋਂ ਹੱਟਣ ਦੇ ਸਮਰੱਥ ਹੋਣਗੇ। ਮੈਂ ਸਮਝਦਾ ਹਾਂ ਕਿ ਜੇ ਉਹ ਇਸਦੇ ਸਮਰੱਥ ਹੁੰਦੇ, ਤਾਂ ਮਰੀਜ਼ ਨੇ ਇਸ ਅਧਿਐਨ ਵਿਚ ਭਾਗ ਲੈਣ ਦੀ ਇੱਛਾ ਕਰਨੀ ਸੀ।

…………………………………………… …………………………………… ……../……../………… ਕਾਨੂੰਨੀ

ਪ੍ਰਤੀਨਿਧੀ ਦਾ ਪੂਰਾ ਨਾਮ ਦਸਤਖਤ ਦਸਤਖਤ ਤਾਰੀਖ

…………………………………………… ਪ੍ਰਤੀਭਾਗੀ ਨਾਲ ਰਿਸ਼ਤਾ

…………………………………………… …………………………………… ……../……../………… ਸਹਿਮਤੀ

ਲੈਣ ਵਾਲੇ ਵਿਅਕਤੀ ਦਾ ਨਾਮ ਦਸਤਖਤ ਦਸਤਖਤ ਤਾਰੀਖ